ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

ISSN: 2584-0509



# ਮੈਟਾ ਆਲੋਚਨਾ ਦਾ ਸੰਕਲਪ, ਸਿਧਾਂਤ ਤੇ ਆਧਾਰ



ਸੁਖਵਿੰਦਰ ਕੌਰ
ਖੋਜਾਰਥੀ
ਪੰਜਾਬੀ ਯੂਨੀਵਰਸਿਟੀ,
ਪਟਿਆਲਾ
sukhbrar5552@gmail.com

ਸਾਹਿਤ ਦਾ ਅਧਿਐਨ ਅਤੇ ਮੁਲਾਂਕਣ ਕਰਨ ਦੀ ਵਿਧੀ ਆਲੋਚਨਾ ਹੈ ਅਤੇ ਆਲੋਚਨਾ ਦੇ ਅਧਿਐਨ ਤੇ ਮੁਲਾਂਕਣ ਕਰਨ ਦੀ ਪ੍ਰਕਿਰਿਆ ਮੈਟਾ ਆਲੋਚਨਾ ਹੈ। ਆਲੋਚਨਾ ਦੀਆਂ ਵਿਧੀਆਂ, ਦ੍ਰਿਸ਼ਟੀਆਂ ਅਤੇ ਸਰੋਕਾਰਾਂ ਦੀ ਪਛਾਣ ਤੇ ਸਥਾਪਤੀ ਦਾ ਅਧਿਐਨ ਸਿਸਟਮ ਮੈਟਾ ਆਲੋਚਨਾ ਹੈ। ਮੈਟਾ ਆਲੋਚਨਾ ਦਾ ਅਧਿਐਨ ਸਿਸਟਮ ਆਪਣੀ ਨਿਵੇਕਲੀ ਪਹੁੰਚ ਵਿਧੀ ਦੁਆਰਾ ਆਲੋਚਨਾ ਕਿਰਤਾਂ ਦਾ ਵਿਸ਼ਲੇਸ਼ਣ ਅਤੇ ਮੁਲਾਂਕਣ ਕਰਨ ਵਾਲਾ ਅਨੁਸ਼ਾਸ਼ਨ ਹੈ। ਮੈਟਾ ਆਲੋਚਨਾ ਦੇ ਮਾਪਦੰਡ ਆਲੋਚਨਾ ਦੀ ਆਲੋਚਨਾ ਕਰਨ ਦਾ ਕਾਰਜ ਨਿਭਾਉਣ ਸਮੇਂ ਆਪਣੀ ਅਧਿਐਨ ਵਸਤੂ ਦੀ ਪ੍ਰਕਿਰਤੀ ਦੇ ਸਮਾਨਾਂਤਰ ਵੱਖਰੀ ਤਰ੍ਹਾਂ ਦੀ ਪਹੁੰਚ ਨੂੰ ਅਪਣਾਉਂਦੇ ਹਨ। ਮੈਟਾ ਆਲੋਚਨਾ ਦਾ ਕਾਰਜ ਦੂਹਰਾ ਹੈ, ਇਸਨੇ ਕੇਵਲ ਆਲੋਚਨਾ ਕਿਰਤ ਨੂੰ ਹੀ ਆਪਣੇ ਧਿਆਨ ਵਿੱਚ ਨਹੀਂ ਰੱਖਣਾ ਹੁੰਦਾ ਹੈ, ਸਗੋਂ ਇਹ ਉਸ ਰਚਨਾ ਕਿਰਤ ਉੱਪਰ ਵੀ ਆਪਣਾ ਧਿਆਨ ਕੇਂਦਰਿਤ ਕਰਦੀ ਹੈ, ਜਿਸਨੂੰ ਆਧਾਰ ਬਣਾ ਕੇ ਵਿਚਾਰ ਅਧੀਨ ਆਲੋਚਨਾ ਕਿਰਤ ਹੋਂਦ ਵਿੱਚ ਆਈ ਹੁੰਦੀ ਹੈ।

## ਮੈਟਾ ਆਲੋਚਨਾ ਦਾ ਸੰਕਲਪ, ਸਿਧਾਂਤ ਤੇ ਆਧਾਰ

'ਮੈਟਾ' ਸ਼ਬਦ ਅੰਗਰੇਜ਼ੀ ਸ਼ਬਦ 'Meta' ਦਾ ਤਤਸਮ ਰੂਪ ਹੈ। ਅੰਗਰੇਜ਼ੀ ਵਿੱਚ ਮੈਟਾ ਆਲੋਚਨਾ ਲਈ 'Metacriticism' ਸ਼ਬਦ ਪ੍ਰਚੱਲਿਤ ਹੈ। ਜੇਕਰ ਅਸੀਂ 'Metacriticism' ਦਾ ਪੰਜਾਬੀ ਰੂਪਾਂਤਰਣ ਕਰੀਏ ਤਾਂ ਇਸਦੇ ਸਮਾਨਾਂਤਰ ਸ਼ਬਦ 'ਪਰਾਲੋਚਨਾ' ਬਣਦਾ ਹੈ, ਕਿਉਂਕਿ ਅੰਗਰੇਜ਼ੀ ਸ਼ਬਦ 'Meta' ਦਾ ਅਰਥ 'ਪਰਾ' ਹੈ ਅਤੇ 'Criticism' ਦਾ ਅਰਥ ਆਲੋਚਨਾ । ਡਾ. ਸਤਿੰਦਰ ਸਿੰਘ ਨੂਰ ਵੀ ਆਪਣੀ ਪੁਸਤਕ 'ਸਮਕਾਲੀ ਸਾਹਿਤ ਸੰਵਾਦ' ਵਿੱਚ ਮੈਟਾ ਆਲੋਚਨਾ ਦੇ ਸੰਕਲਪ ਨੂੰ ਪਰਾਲੋਚਨਾ ਸ਼ਬਦ ਰਾਹੀਂ ਹੀ ਪੇਸ਼ ਕਰਦੇ ਹਨ। ਪਰ ਹਰਭਜਨ ਸਿੰਘ ਭਾਟੀਆ 'Metacriticism' ਦੇ ਪੰਜਾਬੀ ਰੂਪਾਂਤਰਣ ਵਜੋਂ ਮੈਟਾ ਆਲੋਚਨਾ ਸ਼ਬਦ ਦੀ ਹੀ ਹਮਾਇਤ ਕਰਦੇ ਹਨ। ਹਰਭਜਨ ਸਿੰਘ ਭਾਟੀਆ ਦਾ ਕਹਿਣਾ ਹੈ ਕਿ, "ਅੰਗਰੇਜ਼ੀ ਸ਼ਬਦ 'ਮੈਟਾ' ਦਾ ਪੰਜਾਬੀ ਰੂਪ 'ਪਰਾ' ਵੀ ਵਰਤਿਆ ਜਾ ਸਕਦਾ ਹੈ, ਪਰ ਇਸ ਸ਼ਬਦ ਦੇ ਅਪ੍ਰਚੱਲਿਤ ਹੋਣ ਕਾਰਨ ਧੁੰਦਲਾਹਟ ਅਤੇ ਅਨਿਸ਼ਚਿਤਤਾ ਦੇ ਫੈਲ ਜਾਣ ਦਾ ਖਦਸ਼ਾ ਹੈ। ਸਾਡੀ ਜਾਂਚੇ ਅਨਿਸ਼ਚਿਤਤਾ ਅਤੇ ਧੁੰਦਲਾਹਟ ਤੋਂ ਬਚਣ ਅਤੇ ਸੰਕਲਪ ਦੇ ਅਰਥ ਦੇ ਨਿਖਾਰ ਲਈ ਅਪ੍ਰਚੱਲਿਤ ਸ਼ਬਦਾਂ ਦੀ ਵਰਤੋਂ ਕਰਨ ਦੀ ਬਜਾਇ ਉਹਨਾਂ ਨੂੰ ਉਹਨਾਂ ਦੇ ਮੌਲਿਕ ਰੂਪ

ਵਿੱਚ ਹੀ ਗ੍ਰਹਿਣ ਕਰ ਲੈਣਾ ਚਾਹੀਦਾ ਹੈ।"[1]

ਪੰਜਾਬੀ ਚਿੰਤਨ ਜਗਤ ਵਿੱਚ ਬਹੁ-ਗਿਣਤੀ ਆਲੋਚਕਾਂ ਨੇ ਵੀ 'ਪਰਾਲੋਚਨਾ' ਸ਼ਬਦ ਦੀ ਥਾਂ 'ਮੈਟਾ ਆਲੋਚਨਾ' ਸ਼ਬਦ ਨੂੰ ਹੀ ਪ੍ਰਵਾਨ ਅਤੇ ਸਥਾਪਿਤ ਕੀਤਾ ਹੈ। ਹੁਣ ਵਰਤਮਾਨ ਪ੍ਰਸੰਗ ਵਿੱਚ ਪੰਜਾਬੀ ਆਲੋਚਨਾ ਦੇ ਖੇਤਰ ਵਿੱਚ 'ਪਰਾਲੋਚਨਾ' ਸ਼ਬਦ ਦੀ ਵਰਤੋਂ ਨਹੀਂ ਹੋ ਰਹੀ ਪੰਜਾਬੀ ਆਲੋਚਕਾਂ ਨੇ 'Metacriticism' ਸ਼ਬਦ ਦੇ ਪੰਜਾਬੀ ਰੂਪ 'ਮੈਟਾ ਆਲੋਚਨਾ' ਨੂੰ ਤਤਸਮ ਰੂਪ ਵਿਚ ਹੀ ਪ੍ਰਵਾਨ ਕਰ ਲਿਆ ਹੈ।

ਜੇਕਰ ਅਸੀਂ 'ਮੈਟਾ' ਅਗੇਤਰੀ ਸ਼ਬਦ ਦੇ ਅਰਥਾਂ ਤੋਂ ਜਾਣੂ ਹੋਣ ਦਾ ਯਤਨ ਕਰੀਏ ਤਾਂ Shorter Oxford English Dictionary ਅਨੁਸਾਰ, "ਮੈਟਾ ਸ਼ਬਦ ਆਪਣੇ ਸੁਭਾਅ ਵਿੱਚ ਕਿਸੇ ਉਚੇਰੀ ਸੋਝੀ ਦੇ ਭਾਵ ਰੱਖਦਾ ਹੈ।"[2] ਭਾਵ ਜਦੋਂ 'ਮੈਟਾ' ਸ਼ਬਦ ਕਿਸੇ ਸੰਕਲਪ ਨਾਲ ਲੱਗਦਾ ਹੈ ਤਾਂ ਇਹ ਸੰਕਲਪ ਦੇ 'ਪਰਾ' ਅਰਥਾਂ ਦੀ ਸੂਚਨਾ ਦਿੰਦਾ ਹੈ ਜਿਵੇਂ ਕਿ ਅਸੀਂ ਆਲੋਚਨਾ ਸੰਕਲਪ ਦੇ ਅਰਥਾਂ ਨੂੰ ਪਛਾਣਨਾ ਹੋਵੇ ਤਾਂ ਸਾਹਿਤ ਵਿਸ਼ਲੇਸ਼ਣ ਜਾਂ ਮੁਲਾਂਕਣ ਨੂੰ ਆਲੋਚਨਾ ਦਾ ਨਾਮ ਦਿੰਦੇ ਹਾਂ, ਪ੍ਰੰਤੂ ਆਲੋਚਨਾ ਉੱਪਰ ਉਸਾਰੀ ਆਲੋਚਨਾ ਨੂੰ ਮੈਟਾ ਆਲੋਚਨਾ ਕਿਹਾ ਜਾਂਦਾ ਹੈ। ਇਸ ਤਰ੍ਹਾਂ ਮੈਟਾ ਆਲੋਚਨਾ ਦਾ ਨੇਮ ਪ੍ਰਬੰਧ ਸਾਹਿਤ ਸਿਰਜਣਾ ਅਤੇ ਸਾਹਿਤ ਆਲੋਚਨਾ ਤੋਂ ਅਲੱਗ ਹੋ ਜਾਂਦਾ ਹੈ। ਇਹ ਸੰਕਲਪ ਸਾਹਿਤ ਆਲੋਚਨਾ ਨੂੰ ਆਪਣੀ ਅਧਿਐਨ ਵਸਤੂ ਬਣਾਉਂਦਾ ਇਸਦੀਆਂ ਅਗਲੇਰੀਆਂ ਸੀਮਾਵਾਂ ਅਤੇ ਸਮੱਰਥਾਵਾਂ ਦੀ ਸਥਾਪਤੀ ਕਰਨ ਦਾ ਯਤਨ ਕਰਦਾ ਹੈ। "ਇਸ ਤੋਂ ਇਲਾਵਾ ਯੂਨਾਨੀ ਸ਼ਬਦ 'ਮੈਟਾ' ਦੋ ਅਰਥਾਂ ਵਿੱਚ ਵਰਤਿਆ ਜਾਂਦਾ ਹੈ। ਪਹਿਲਾ 'ਉੱਪਰ' ਜਾਂ 'ਬਾਰੇ', ਦੂਸਰਾ 'beyond' ਜਾਂ 'over' ਜਾਂ 'ਪਾਰ'। ਅਰਸਤੂ ਨੇ ਆਪਣੀ ਫਿਜ਼ਿਕਸ ਦੀ ਪੁਸਤਕ ਵਿਚ ਇਸ ਨੂੰ 'ਉੱਪਰ' ਦੇ ਅਰਥਾਂ ਵਿਚ ਵਰਤਿਆ ਹੈ। ਇਸ ਤਰ੍ਹਾਂ ਮੈਟਾ ਆਲੋਚਨਾ ਦਾ ਅਰਥ ਬਣਦਾ ਹੈ ਆਲੋਚਨਾ ਉੱਪਰ ਕੀਤੀ ਗਈ ਆਲੋਚਨਾ ਜਾਂ ਫਿਰ ਅਜਿਹੀ ਆਲੋਚਨਾ ਜੋ ਆਲੋਚਨਾ ਤੋਂ ਪਾਰ ਜਾਂਦੀ ਹੈ। ਜਿਵੇਂ ਅਸੀਂ ਉੱਪਰ ਵੀ ਕਹਿ ਆਏ ਹਾਂ ਕਿ ਸਾਡੇ ਲਈ ਮੈਟਾ ਆਲੋਚਨਾ ਦਾ ਅਰਥ ਹੈ ਆਲੋਚਨਾ ਸੰਬੰਧੀ ਸਿਰਜਿਆ ਗਿਆ ਪਾਠ ਜਾਂ ਆਲੋਚਨਾ ਹੈ।"[3]

ਮੈਟਾ ਅਧਿਐਨ ਦੀ ਸ਼ੁਰੂਆਤ I.A. Richards ਦੀ ਪੁਸਤਕ 'Principles of Literaey Criticism' ਦੇ ਪਹਿਲੇ ਅਧਿਆਇ 'The Chaos of Critical Theories' ਤੋਂ ਹੋਈ ਵੀ ਮੰਨੀ ਜਾ ਸਕਦੀ ਹੈ। ਇਸ ਪੁਸਤਕ ਵਿਚ I.A. Richards ਦੱਸਦਾ ਹੈ ਕਿ ਇਕ

ਆਲੋਚਕ ਜਿਹਨਾਂ ਕੀਮਤਾਂ ਦੇ ਆਧਾਰ ਉੱਤੇ ਕਿਸੇ ਕਿਰਤ ਦਾ ਮੁਲਾਂਕਣ ਕਰਦਾ ਹੈ ਉਹ ਉਹਨਾਂ ਕੀਮਤਾਂ ਨੂੰ ਕਿਵੇਂ ਗ੍ਰਹਿਣ ਕਰਦਾ ਹੈ। ਇਹ ਕੀਮਤ ਕੀ ਹੈ ਅਤੇ ਇਸਦਾ ਪਤਾ ਕਿਹੜੀ ਵਿਧੀ ਰਾਹੀਂ ਲਗਾਇਆ ਜਾ ਸਕਦਾ ਹੈ। ਇਸ ਅਧਿਆਇ ਵਿਚ ਉਹ ਅਜਿਹੇ ਆਲੋਚਨਾਤਮਕ ਨਿਰਣਿਆਂ ਦੀ ਪਹਿਚਾਣ ਕਰਨ ਵੱਲ ਰੁਚਿਤ ਹੁੰਦਾ ਹੋਇਆ ਅਚੇਤ ਰੂਪ ਵਿਚ ਅਜਿਹੇ ਪਾਠ ਦੀ ਸਿਰਜਣਾ ਕਰਦਾ ਹੈ ਜਿਸਦੇ ਆਪਣੇ ਨਿਵੇਕਲੇ ਨੇਮ ਵਿਧਾਨ ਹਨ। ਜਿਹੜੇ ਕਿਸੇ ਸਾਹਿਤਕ ਕਿਰਤ ਜਾਂ ਆਲੋਚਨਾ ਕਿਰਤ ਦੀ ਵਿਆਖਿਆ, ਮੁਲਾਂਕਣ ਅਤੇ ਟਿੱਪਣੀ ਕਰਨ ਲਈ ਵਰਤੇ ਜਾਂਦੇ ਹਨ। ਇਹ ਨੇਮ ਵਿਧਾਨ ਹੀ ਮੁੱਢਲੇ ਰੂਪ ਵਿਚ ਮੈਟਾ ਆਲੋਚਨਾ ਦੇ ਸਿਧਾਂਤਕ ਪੱਖ ਦਾ ਆਧਾਰ ਬਣਦੇ ਹਨ। ਇਸ ਤੋਂ ਇਲਾਵਾ ਕੁਝ ਹੋਰ ਪੁਸਤਕਾਂ ਜਿਵੇਂ ਕਿ 'The Critical Sense' (James Reeves), Five Approaches Of Literary Criticism (Wilbur Scott) ਵਿਚ ਵੀ ਸਾਹਿਤ ਆਲੋਚਨਾ ਅਤੇ ਆਲੋਚਕ ਦੀ ਦ੍ਰਿਸ਼ਟੀ ਸੰਬੰਧੀ ਸੰਖੇਪ ਜਾਣਕਾਰੀ ਦਰਜ ਹੈ। 'Five Approaches Of Literary Criticism' ਪੁਸਤਕ ਵਿਚ ਸਾਹਿਤ ਆਲੋਚਨਾ ਵਿਧੀਆਂ ਦੇ ਆਰੰਭ, ਵਿਕਾਸ ਬਾਰੇ ਸੰਖੇਪ ਜਾਣਕਾਰੀ ਦੇਣ ਦੇ ਨਾਲ- ਨਾਲ ਸਾਹਿਤਕ ਰਚਨਾਵਾਂ ਦਾ ਵਿਹਾਰਕ ਅਧਿਐਨ ਦਰਜ ਹੈ।

Encyclopedia of Contemporary Literary Theory : Approaches, Scholars, Terms ਵਿਚ "ਮੈਟਾ ਆਲੋਚਨਾ ਦਾ ਆਰੰਭ ਪ੍ਰਾਚੀਨ ਯੂਨਾਨੀ ਵਿਚਾਰਾਂ ਤੋਂ ਉਤਪੰਨ ਹੋਇਆ ਮੰਨਿਆ ਗਿਆ ਹੈ। ਇਨਸਾਈਕਲੋਪੀਡੀਆ ਵਿਚ ਦੱਸਿਆ ਹੈ ਕਿ ਉਸ ਸਮੇਂ ਸੂਝਵਾਨ ਸਰੋਤਿਆਂ ਦੇ ਇਕੱਠ ਵਿਚ ਇਹ ਪ੍ਰਸ਼ਨ ਉਠਾਇਆ ਗਿਆ ਕਿ ਪ੍ਰੰਪਰਕ ਧਰਮ ਅਤੇ ਧਾਰਮਿਕ ਗ੍ਰੰਥਾਂ ਨੂੰ ਕਿਵੇਂ ਸਮਝਿਆ ਜਾਣਾ ਚਾਹੀਦਾ ਹੈ ?"[4] ਮੈਟਾ ਆਲੋਚਨਾ 'ਆਲੋਚਨਾ ਦੀ ਆਲੋਚਨਾ' ਹੈ, ਜਿਸ ਅਧੀਨ ਸਿਧਾਂਤਾਂ, ਜੁਗਤਾਂ ਅਤੇ ਆਲੋਚਨਾ ਦੀ ਤਕਨੀਕੀ ਸ਼ਬਦਾਵਲੀ ਦਾ ਅਧਿਐਨ ਕੀਤਾ ਜਾਂਦਾ ਹੈ ਜਾਂ ਫਿਰ ਕਿਸੇ ਵਿਸ਼ੇਸ਼ ਆਲੋਚਕ ਜਾਂ ਆਲੋਚਨਾ ਵਿਵਾਦ ਬਾਰੇ ਚਰਚਾ ਕੀਤੀ ਜਾਂਦੀ ਹੈ। ਵਿਆਖਿਆ ਅਤੇ ਦਿੱਤੇ ਨਿਰਣਿਆਂ ਦੇ ਅੰਤਰਗਤ ਸਿਧਾਂਤਾਂ ਨੂੰ ਵੀ ਵਿਚਾਰਿਆ ਜਾਂਦਾ ਹੈ। " ਮੈਟਾ ਆਲੋਚਨਾ, ਆਲੋਚਨਾ ਦੀ ਆਲੋਚਨਾ ਹੈ ਜਿਸ ਦਾ ਨਿਸ਼ਾਨਾ ਤਕਨੀਕੀ ਸ਼ਬਦਾਵਲੀ, ਤਰਕ ਅਤੇ ਸੰਰਚਨਾ ਨੂੰ ਵਿਵਸਥਿਤ ਢੰਗ ਨਾਲ ਵਿਸ਼ਲੇਸ਼ਿਤ ਕਰਨਾ ਹੈ ਜਿਹੜੇ ਆਲੋਚਨਾਤਮਕ ਅਤੇ ਸਿਧਾਂਤਕ ਪ੍ਰਵਚਨ ਦੇ ਅਧੀਨ ਵਿਚਰਦੇ ਹਨ।"[5]

Encyclopedia of Contemporary Literary Theory: Approaches, Scholars, Terms ਵਿਚ ਮੈਟਾ ਆਲੋਚਨਾ ਦੇ ਅੰਤਰਗਤ ਵਿਚਾਰੇ ਜਾਣ ਵਾਲੇ ਆਲੋਚਨਾ ਅਧਿਐਨਾਂ ਦੇ ਖੇਤਰ ਅਤੇ ਉਦੇਸ਼ ਨੂੰ ਸਪੱਸ਼ਟ ਕਰਦਿਆਂ ਲਿਖਿਆ ਹੈ, "ਮੈਟਾ ਆਲੋਚਨਾ ਵਿਚ ਆਲੋਚਨਾ ਦਾ ਅਧਿਐਨ ਕਰਦਿਆਂ ਆਲੋਚਨਾ ਦੇ ਸਿਧਾਂਤਾਂ ਜਾਂ ਪਾਠਾਂ ਦੇ ਅਰਥਾਂ, ਲੇਖਕ-ਪਾਠ-ਪਾਠਕ ਸੰਬੰਧਾਂ ਤੇ ਉਹਨਾਂ ਮਾਪਦੰਡਾਂ ਨੂੰ ਜਾਂਚ ਦਾ ਵਿਸ਼ਾ ਬਣਾਇਆ ਜਾਂਦਾ ਹੈ, ਜਿਸ ਦੁਆਰਾ ਟੈਕਸਟ ਦੇ ਵਿਭਿੰਨ ਪਹਿਲੂਆਂ ਅਤੇ ਹੋਰ ਸਭਿਆਚਾਰਕ ਪ੍ਰਤੀਮਾਨਾਂ ਨੂੰ ਉਜਾਗਰ ਕੀਤਾ ਜਾ ਸਕੇ। ਮੈਟਾ ਆਲੋਚਨਾ ਨੂੰ ਹਰਮੇਨਿਊਟਿਕਸ ਜਾਂ ਮੈਟਾ ਵਿਆਖਿਆ ਵਜੋਂ ਵੀ ਜਾਣਿਆ ਜਾਂਦਾ ਹੈ। ਕਿਉਂਕਿ ਇਸ ਮੈਟਾ ਵਿਆਖਿਆ ਵਿਚ ਪੜਤਾਲੇ ਗਏ ਮੁੱਦੇ ਮੈਟਾ ਆਲੋਚਨਾ ਵਿਚ ਪ੍ਰਮੁੱਖ ਭੂਮਿਕਾ ਨਿਭਾਉਂਦੇ ਹਨ।"[6] ਵੱਖ-ਵੱਖ ਖੇਤਰਾਂ ਵਿਚ ਕੰਮ ਕਰ ਰਹੇ ਵਿਦਵਾਨਾਂ ਨੇ ਕਲਾਸੀਕਲ ਅਧਿਐਨ, ਸਾਹਿਤਕ ਸਿਧਾਤਾਂ, ਮਨੋਵਿਗਿਆਨਕ ਪਹੁੰਚਾਂ, ਕਾਨੂੰਨੀ ਸਿਧਾਂਤਕਾਰਾਂ ਅਤੇ ਦਾਰਸ਼ਨਿਕ ਵਿਸ਼ਲੇਸ਼ਣਾਂ ਨੂੰ ਮੈਟਾ ਆਲੋਚਨਾ ਦੇ ਘੇਰੇ ਦੇ ਵਿਚ ਲਿਆ ਕੇ ਇਸਦੇ ਨੇਮਾਂ ਅਨੁਸਾਰ, ਇਹਨਾਂ ਆਲੋਚਨਾਤਮਕ ਸਿਧਾਂਤਾਂ ਦਾ ਅਧਿਐਨ ਕੀਤਾ।

The Oxfrord Dictionary Of Literary Terms ਵਿਚ ਵੀ ਮੈਟਾ ਆਲੋਚਨਾ ਦੇ ਖੇਤਰ ਨੂੰ ਨਿਸ਼ਚਿਤ ਕਰਨ ਦਾ ਯਤਨ ਕੀਤਾ ਗਿਆ ਹੈ, "ਮੈਟਾ ਆਲੋਚਨਾ ਨੂੰ ਆਲੋਚਨਾ ਦੀ ਆਲੋਚਨਾ ਟਰਮ ਅਧੀਨ ਵਿਚਾਰਦੇ ਹੋਏ ਸਪੱਸ਼ਟ ਕੀਤਾ ਹੈ ਕਿ ਇਸ ਵਿਚ ਆਲੋਚਕਾਂ ਦੁਆਰਾ ਜਾਂ ਆਲੋਚਨਾਤਮਕ ਬਹਿਸਾਂ ਵਿਚ ਪ੍ਰਸਤਾਵਿਤ ਆਲੋਚਨਾ ਦੇ ਸਿਧਾਂਤਾਂ, ਵਿਧੀਆਂ ਨੂੰ ਜਾਂਚਿਆ ਜਾਂਦਾ ਹੈ। ਮੈਟਾ ਆਲੋਚਨਾ ਸ਼ਬਦ ਆਲੋਚਨਾ ਕਿਰਤਾਂ ਨੂੰ ਆਧਾਰ ਬਣਾ ਕੇ ਦਿੱਤੀਆਂ ਆਲੋਚਨਾਤਮਕ ਵਿਆਖਿਆਵਾਂ ਅਤੇ ਨਿਰਣਿਆਂ ਉੱਪਰ ਲਾਗੂ ਹੁੰਦਾ ਹੈ।"[7] ਮੈਟਾ ਆਲੋਚਨਾ ਵਿਚ ਨਿੱਜੀ ਪ੍ਰਤੀਕਿਰਿਆਵਾਂ ਸ਼ਾਮਲ ਨਹੀਂ ਹੁੰਦੀਆਂ, ਸਗੋਂ ਇਸ ਵਿਚ ਮੈਟਾ ਆਲੋਚਨਾ ਦੇ ਨੇਮਾਂ ਅਨੁਸਾਰ ਵਿਧੀਵੱਤ ਢੰਗ ਨਾਲ ਆਲੋਚਨਾ ਕਿਰਤਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ, ਤਾਂ ਜੋ ਆਲੋਚਨਾਤਮਕ ਸਿਧਾਂਤਾਂ ਪ੍ਰਤੀ ਸਹੀ ਨਿਰਣੇ ਪ੍ਰਾਪਤ ਹੋ ਸਕਣ। ਇਹਨਾਂ ਪਰਿਭਾਸ਼ਾਵਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਆਲੋਚਨਾ ਕਿਰਤਾਂ ਦਾ ਅਧਿਐਨ ਵਿਸ਼ਲੇਸ਼ਣ ਕਰਨਾ ਅਤੇ ਟੈਕਸਟ ਦੇ ਵਿਭਿੰਨ ਪਹਿਲੂਆਂ ਨੂੰ ਉਘਾੜਨਾ ਮੈਟਾ ਆਲੋਚਨਾ ਦੇ ਖੇਤਰ ਵਿਚ ਸ਼ਾਮਲ ਹੈ।

ਸੁਰੇਸ਼ ਰਾਵਲ ਨੇ ਮੈਟਾ ਆਲੋਚਕ ਦੀਆਂ ਜ਼ਿੰਮੇਵਾਰੀਆਂ ਨੂੰ ਨਿਸ਼ਚਿਤ ਕਰਦਿਆਂ ਲਿਖਿਆ ਹੈ, "ਕੁਝ ਆਲੋਚਕ ਆਲੋਚਨਾ ਅਤੇ ਆਲੋਚਨਾਤਮਕ ਸਿਧਾਂਤਾਂ ਦੀਆਂ ਸਮੱਸਿਆਵਾਂ ਦੇ ਵਿਸ਼ਲੇਸ਼ਣ ਵਿਚ ਸ਼ਾਮਲ ਹੋ ਕੇ ਮੈਟਾ ਆਲੋਚਕ ਵਜੋਂ ਕੰਮ ਕਰਦੇ ਹਨ। ਉਹ ਕਿਸੇ ਸਿਧਾਂਤ ਨੂੰ ਸੋਧਣ ਅਤੇ ਸੁਧਾਰਣ ਲਈ ਇਕ ਵਿਦਵਾਨ ਵਾਂਗ, ਉਸ ਸਿਧਾਂਤ ਵਿਚਲੀ ਉਲਝਣ ਜਾਂ ਉਸ ਸਿਧਾਂਤ ਦੀ ਮਹੱਹਤਾ ਨੂੰ ਉਜਾਗਰ ਕਰਦੇ ਹਨ। ਜਿੱਥੇ ਆਲੋਚਕ ਆਪਣੇ ਮੰਨੇ ਹੋਏ ਜਾਂ ਅਪਣਾਏ ਹੋਏ ਸਿਧਾਂਤਾਂ ਨੂੰ ਬੁਨਿਆਦ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦੇ ਹਨ, ਉੱਥੇ ਮੈਟਾ ਆਲੋਚਕ ਦਾ ਅਜਿਹਾ ਕੋਈ ਇਰਾਦਾ ਨਹੀਂ ਹੁੰਦਾ ਕਿ ਉਹ ਆਲੋਚਕਾਂ ਦੀਆਂ ਧਾਰਨਾਵਾਂ ਨਾਲ ਸਹਿਮਤੀ ਪ੍ਰਗਟ ਕਰਦਾ ਹੋਇਆ ਉਹਨਾਂ ਸਿਧਾਂਤਾਂ ਦੀ ਬੁਨਿਆਦ ਨੂੰ ਹੋਰ ਪਕੇਰਾ ਕਰੇ।"[8] ਇਹਨਾਂ ਸ਼ਬਦਾਂ ਤੋਂ ਸਪੱਸ਼ਟ ਹੈ ਕਿ ਮੈਟਾ ਆਲੋਚਕ ਆਪਣੇ ਅਧਿਐਨ ਰਾਹੀਂ ਕਿਸੇ ਆਲੋਚਨਾ ਸਿਧਾਂਤ ਵਿਚਲੀਆਂ ਗੁੰਝਲਾਂ ਜਾਂ ਉਸਦੀਆਂ ਸੰਭਾਵਨਾਵਾਂ ਨੂੰ ਉਘਾੜਦਾ ਹੈ। ਉਹ ਆਪਣੇ ਅਧਿਐਨ ਵਿਸ਼ਲੇਸ਼ਣ ਸਮੇਂ ਨਿੱਜੀ ਝੁਕਾਵਾਂ ਤੋਂ ਮੁਕਤ ਹੋ ਕੇ ਮੈਟਾ ਆਲੋਚਨਾ ਦੇ ਨੇਮਾਂ ਅਨੁਸਾਰ ਆਪਣਾ ਅਧਿਐਨ ਕਾਰਜ ਕਰਦਾ ਹੈ।

ਇਹਨਾਂ ਪਰਿਭਾਸ਼ਾਵਾਂ ਦੇ ਅਧਿਐਨ ਉਪਰੰਤ ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਾਹਿਤਕ ਰਚਨਾਵਾਂ ਉੱਪਰ ਉਸਰੀ ਆਲੋਚਨਾ ਦੇ ਹਰ ਇਕ ਪਹਿਲੂ ਦਾ ਵਿਸ਼ਲੇਸ਼ਣ ਅਤੇ ਮੁਲਾਂਕਣ ਪੇਸ਼ ਕਰਨਾ ਹੀ ਮੈਟਾ ਆਲੋਚਨਾ ਹੈ। ਮੈਟਾ ਆਲੋਚਨਾ ਦੀਆਂ ਜੁਗਤਾਂ, ਸੰਦ, ਨੇਮ-ਵਿਧਾਨ ਆਪਣੀ ਅਧਿਐਨ ਵਸਤੂ ਨਾਲੋਂ ਵੱਖਰੇ ਹੁੰਦੇ ਹਨ। ਕਿਉਂਕਿ ਮੈਟਾ ਆਲੋਚਕ ਲਈ ਜ਼ਰੂਰੀ ਨਹੀਂ ਹੁੰਦਾ ਕਿ ਉਹ ਆਲੋਚਕਾਂ ਦੀਆਂ ਧਾਰਨਾਵਾਂ ਨਾਲ ਸਹਿਮਤੀ ਪ੍ਰਗਟ ਕਰਦਾ ਹੋਇਆ ਉਹਨਾਂ ਦੁਆਰਾ ਅਪਣਾਏ ਗਏ ਸਿਧਾਂਤਾਂ ਦੇ ਮੂਲ ਨਿਯਮਾਂ ਨੂੰ ਹੋਰ ਪਕੇਰਾ ਕਰੇ। ਮੈਟਾ ਆਲੋਚਨਾ ਦਾ ਉਦੇਸ਼ ਹੈ ਕਿ ਅਸੀਂ ਸਾਹਿਤ ਆਲੋਚਨਾ ਦੇ ਠੀਕ ਆਧਾਰ ਨੂੰ ਸਮਝਦੇ ਹੋਏ, ਸਾਹਿਤ ਆਲੋਚਨਾ ਸੰਬੰਧੀ ਮਿਲਦੀਆਂ ਵਿਚਾਰਧਾਰਾਵਾਂ ਅਤੇ ਪ੍ਰਤੀਕਿਰਿਆਵਾਂ ਦੇ ਗੁੰਝਲਦਾਰ ਰੂਪ ਨੂੰ ਸਮਝ ਸਕੀਏ। ਮੈਟਾ ਆਲੋਚਨਾ ਨਾ ਸਾਹਿਤ ਅਤੇ ਨਾ ਹੀ ਆਲੋਚਨਾ ਦੀ ਥਾਂ ਲੈਂਦੀ ਹੈ, ਸਗੋਂ ਇਹ ਸਾਹਿਤ ਅਤੇ ਸਾਹਿਤ ਆਲੋਚਨਾ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਦੀ ਹੈ। ਇਹ ਸਾਹਿਤ, ਆਲੋਚਨਾ ਅਤੇ ਸਭਿਆਚਾਰ ਦੇ ਆਪਸੀ ਸੰਬੰਧਾਂ, ਸੰਬੰਧੀ ਮਿਲਦੇ ਅਹਿਮ ਪਹਿਲੂਆਂ ਬਾਰੇ ਜਾਣਕਾਰੀ ਦਿੰਦੀ ਹੈ। ਮੈਟਾ ਆਲੋਚਨਾ ਵਿਚ ਆਲੋਚਕ ਅਧਿਐਨ ਕਰਨ ਦੇ ਤਰੀਕਿਆਂ ਦੀ ਜਾਂਚ ਕਰਨ ਦੇ ਨਾਲ-ਨਾਲ ਇਹ ਵੀ ਦੱਸਦਾ ਹੈ ਕਿ ਉਸ ਅਧਿਐਨ ਕਿਰਤ ਤੋਂ ਕੀ ਜਾਣਿਆ ਜਾ ਸਕਦਾ ਹੈ। ਇਹ

ਕਿਸੇ ਆਲੋਚਨਾ ਪਾਠ ਜਾਂ ਕਿਰਤ ਦੇ ਇਤਿਹਾਸ ਜਾਂ ਉਦੇਸ਼ ਦਾ ਅਧਿਐਨ ਵੀ ਕਰਦੀ ਹੈ। ਮੈਟਾ ਆਲੋਚਨਾ ਆਲੋਚਨਾਤਮਕ ਸਿਧਾਂਤਾਂ ਦੀਆਂ ਬੁਨਿਆਦੀ ਧਾਰਾਨਾਵਾਂ ਉੱਪਰ ਪ੍ਰਸ਼ਨ ਚਿੰਨ੍ਹ ਵੀ ਲਗਾਉਂਦੀ ਹੈ, ਅਤੇ ਉਹਨਾਂ ਅੰਦਰ ਮੌਜੂਦ ਧਾਰਨਾਵਾਂ ਸੰਬੰਧੀ ਮੱਹਤਵਪੂਰਨ ਤੱਥਾਂ ਨੂੰ ਵੀ ਸਾਹਮਣੇ ਲਿਆਉਂਦੀ ਹੈ। ਜਿੱਥੇ ਆਲੋਚਨਾ ਰਚਨਾਵਾਂ ਅੰਦਰਲੇ ਸਾਰ-ਤੱਤ ਦੀ ਵਿਆਖਿਆ, ਵਿਸ਼ਲੇਸ਼ਣ ਅਤੇ ਮੁੱਲਾਂਕਣ ਕਰਦੀ ਹੋਈ ਉਹਨਾਂ ਦਾ ਅਰਥ ਪੂਰਨ ਢੰਗ ਨਾਲ ਨਿਖੇੜ ਕਰਕੇ ਉਹਨਾਂ ਸਾਹਿਤਕ ਕਿਰਤਾਂ ਦਾ ਸਮਾਜਕ ਜੀਵਨ ਵਿਚ ਸਥਾਨ ਨਿਸ਼ਚਿਤ ਕਰਦੀ ਹੈ। ਉੱਥੇ ਮੈਟਾ ਆਲੋਚਨਾ, ਆਲੋਚਨਾ ਦੇ ਸਾਰ- ਤੱਤ ਨੂੰ ਘੋਖਦੀ ਹੋਈ ਉਸ ਵਿਚ ਨਿਸ਼ਚਿਤ ਕੀਤੇ ਸਾਹਿਤਕ ਕਿਰਤ ਦੇ ਅਰਥਾਂ ਨੂੰ ਅਰਥਪੂਰਨ ਢੰਗ ਨਾਲ ਪੇਸ਼ ਕਰਨ ਵਿਚ ਸਹਾਈ ਹੈ।

ਡਾ. ਹਰਿਭਜਨ ਸਿੰਘ ਭਾਟੀਆ ਦਾ ਵਿਚਾਰ ਹੈ ਕਿ ਮੈਟਾ ਆਲੋਚਨਾ ਦੇ ਸੰਕਲਪੀ ਅਰਥਾਂ ਨੂੰ ਜਾਣਨ ਦੇ ਨਾਲ ਹੀ ਇਸਦੀ ਹੋਂਦ ਵਿਧੀ ਨੂੰ ਸਮਝਣਾ ਜ਼ਰੂਰੀ ਹੈ। ਮੁੱਢਲੇ ਰੂਪ ਵਿੱਚ ਸਾਹਿਤਕਾਰ ਵੀ ਇਕ ਤਰ੍ਹਾਂ ਨਾਲ ਆਲੋਚਕ ਹੀ ਹੁੰਦਾ ਹੈ, ਜੋ ਆਪਣੀ ਰਚਨਾ ਰਾਹੀਂ ਮੁੱਢਲੇ ਪੱਧਰ ਦੀ ਆਲੋਚਨਾ ਕਰ ਰਿਹਾ ਹੁੰਦਾ ਹੈ। ਸਮਾਜ ਵਿਚ ਜੋ ਵਰਤਾਰਾ ਚੱਲ ਰਿਹਾ ਹੈ, ਸਾਹਿਤਕਾਰ ਉਸ ਵਰਤਾਰੇ ਨੂੰ ਆਪਣੀ ਦ੍ਰਿਸ਼ਟੀ ਤੋਂ ਵਾਚਦਾ ਹੋਇਆ ਨਿਵੇਕਲੇ ਸੰਚਾਰ ਸਿਸਟਮ ਰਾਹੀਂ ਸਾਹਿਤ ਦੀ ਸਿਰਜਣਾ ਕਰਦਾ ਹੈ। ਸਾਹਿਤ ਦੇ ਕਿਸੇ ਵਰਤਾਰੇ ਵਿਸ਼ੇਸ਼ ਪ੍ਰਤੀ ਲੇਖਕ ਦਾ ਨਿੱਜੀ ਨਜ਼ਰੀਆ ਅਤੇ ਸਥਾਪਿਤ ਪ੍ਰਬੰਧ ਦੇ ਆਪਸੀ ਸੰਵਾਦ ਰਾਹੀਂ ਕਿਸੇ ਸਾਹਿਤਕ ਰਚਨਾ ਨੂੰ ਸਿਰਜਿਆ ਜਾਂਦਾ ਹੈ। ਕਿਹਾ ਜਾ ਸਕਦਾ ਹੈ ਕਿ ਸਾਹਿਤਕ ਰਚਨਾ ਦੀ ਸਿਰਜਣਾ ਦੇ ਅਮਲ ਵਿਚ ਲੇਖਕ ਦਾ ਨਿੱਜ ਅਤੇ ਸਭਿਆਚਾਰਕ ਆਲਾ-ਦੁਆਲਾ ਸ਼ਾਮਲ ਹੁੰਦਾ ਹੈ। ਆਲੋਚਨਾ ਵੀ ਆਲੋਚਕ ਦੇ ਨਿੱਜ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੁੰਦੀ ਪਰ ਫਿਰ ਵੀ ਉਹ ਆਪਣੇ ਨਿੱਜੀ ਅਕੀਦਿਆਂ ਅਤੇ ਖਾਹਿਸ਼ਾਂ ਤੋਂ ਉੱਪਰ ਉੱਠ ਕੇ ਸਾਹਿਤ ਆਲੋਚਨਾ ਦੇ ਮਾਪਦੰਡਾਂ ਅਤੇ ਸਥਾਪਿਤ ਦ੍ਰਿਸ਼ਟੀਆਂ ਅਨੁਸਾਰ ਸਾਹਿਤਕ ਕਿਰਤ ਦੇ ਅਰਥਾਂ ਨੂੰ ਸਿਰਜਣ ਵੱਲ ਰੁਚਿਤ ਹੁੰਦਾ ਹੈ। ਆਲੋਚਕ ਸਾਹਿਤ ਰਚਨਾ ਨੂੰ ਸਾਹਿਤ ਸਿਰਜਣਾ ਦੇ ਨੇਮਾਂ ਨਾਲ ਨਹੀਂ ਸਗੋਂ ਨਿਸ਼ਚਿਤ ਯੋਗਤਾਵਾਂ, ਸੰਕਲਪਾਂ, ਚਿੰਤਨ-ਮਾਡਲਾਂ ਨਾਲ ਗਿਆਨ ਦੀ ਪੱਧਰ ਉੱਪਰ ਸਮਝਦਾ ਹੈ। ਆਲੋਚਕ ਸਾਹਿਤ ਕਿਰਤ ਨੂੰ ਅਧਿਐਨ ਦਾ ਕੇਂਦਰੀ ਧੁਰਾ ਬਣਾਉਂਦਾ ਹੋਇਆ ਇਤਿਹਾਸਕ, ਦਾਰਸ਼ਨਿਕ ਪ੍ਰਬੰਧ ਅਤੇ ਸਿਧਾਂਤ ਚੇਤਨਾ ਨੂੰ ਸਹਾਇਕ ਸ਼ਕਤੀ ਵਜੋਂ ਵਰਤਦਾ ਹੈ। ਇਸ ਤਰ੍ਹਾਂ ਸਾਹਿਤਕਾਰ ਅਤੇ ਆਲੋਚਕ

ਦੋਵੇਂ ਹੀ ਆਪਣੇ ਵਿਸ਼ੇ ਨੂੰ ਵਿਸ਼ਲੇਸ਼ਣ ਰਾਹੀਂ ਹੀ ਪੇਸ਼ ਕਰਦੇ ਹਨ। ਪਰ ਦੋਵਾਂ ਦੀ ਹੋਂਦ ਵਿਧੀ ਅਤੇ ਤੱਤ ਵੱਖਰੀ ਤਰ੍ਹਾਂ ਦੇ ਹਨ।

ਮੈਟਾ ਆਲੋਚਨਾ ਨੂੰ ਵੱਖ-ਵੱਖ ਪੰਜਾਬੀ ਦੇ ਵਿਦਵਾਨਾਂ ਨੇ ਵੀ ਪਰਿਭਾਸ਼ਿਤ ਕਰਨ ਦੇ ਯਤਨ ਕੀਤੇ ਹਨ। ਹਰਭਜਨ ਸਿੰਘ ਭਾਟੀਆ, "ਮੈਟਾ ਅਧਿਐਨ ਤੋਂ ਭਾਵ ਅਧਿਐਨ-ਵਸਤੂ ਤੋਂ ਵਿੱਥ ਸਥਾਪਿਤ ਕਰਕੇ ਉਸਦੇ ਪ੍ਰਤੱਖ, ਅਪ੍ਰਤੱਖ ਜਾਂ ਅਦ੍ਰਿਸ਼ਟ ਪੱਧਰ ਦਾ ਵਿਸ਼ਲੇਸ਼ਣ ਕਰਨ ਅਤੇ ਅਧਿਐਨ ਵਸਤੂ ਨੂੰ ਕਾਲ-ਕ੍ਰਮ ਅਨੁਸਾਰ ਪੇਸ਼ ਕਰਨ ਤੋਂ ਹੈ।"[9]

ਟੀ. ਆਰ. ਵਿਨੋਦ ਮੈਟਾ ਆਲੋਚਨਾ ਨੂੰ ਸਾਹਿਤ ਦਾ ਚੌਥਾ ਪਾਠ ਮੰਨਦਾ ਹੈ। ਉਹਨਾਂ ਅਨੁਸਾਰ, "ਮਨੁੱਖੀ ਚਿੰਤਨ ਦਾ ਮੁੱਢਲਾ ਮਜ਼ਮੂਨ ਖੁਦ ਮਨੁੱਖ ਅਤੇ ਉਸ ਦਾ ਪਰਿਵੇਸ਼ ਹੈ। ਮਨੁੱਖ ਦੇ ਦਿਮਾਗ ਤੇ ਜੋ ਇਸ ਦਾ ਅਕਸ ਪੈਂਦਾ ਹੈ ਉਹ ਮਨੁੱਖੀ ਅਨੁਭਵ ਦੇ ਚਿੰਤਨ ਦਾ ਵਿਸ਼ਾ ਬਣ ਕੇ ਉਸਦੇ ਸਾਹਿਤ ਵਿਚ ਰੂਪਮਾਨ ਹੁੰਦਾ ਹੈ। ਇਹ ਦੂਸਰਾ ਪਾਠ ਹੈ ਜਿਸਨੂੰ ਪਾਠਕ ਪੜ੍ਹਦਾ ਹੈ। ਤੀਸਰਾ ਪਾਠ ਸਾਹਿਤ ਪਾਠ ਬਾਰੇ ਪਾਠਕ ਦੇ ਚਿੰਤਨ ਨਾਲ ਸੰਬੰਧਿਤ ਹੈ ਜਿਸਨੂੰ ਅਸੀਂ ਆਲੋਚਨਾ ਪਾਠ ਆਖ ਸਕਦੇ ਹਾਂ, ਜਦੋਂ ਇਸ ਆਲੋਚਨਾ ਪਾਠ ਨੂੰ ਵੀ ਤਨਕੀਦ ਦਾ ਵਿਸ਼ਾ ਬਣਾਇਆ ਜਾਂਦਾ ਹੈ ਤਾਂ ਚੌਥਾ ਪਾਠ ਹੋਂਦ ਵਿਚ ਆਉਂਦਾ ਹੈ। ਜਿਸਨੂੰ ਮੈਟਾ ਆਲੋਚਨਾ ਜਾਂ ਪਰਾ-ਆਲੋਚਨਾ ਦਾ ਨਾਂ ਦਿੱਤਾ ਜਾਂਦਾ ਹੈ।"[10]

ਸਕੱਤਰ ਸਿੰਘ ਅਨੁਸਾਰ, "ਆਲੋਚਨਾ ਦਾ ਕੰਮ ਨਿਰਣੇ ਅਧੀਨ ਵਸਤੂ ਨੂੰ ਪਰਖਣਾ, ਉਸਦਾ ਯੋਗ ਮੁੱਲ ਪਾਉਣਾ ਅਤੇ ਉਸਦੇ ਬਾਰੇ ਆਪਣਾ ਫੈਸਲਾ ਦੇਣਾ ਹੈ। ਆਲੋਚਨਾ ਵਿਚ ਕਿਸੇ ਸਾਹਿਤਕ ਕਿਰਤ ਦੀ ਜਾਂਚ, ਪੜਤਾਲ, ਗੁਣ- ਦੋਸ਼ ਦਾ ਨਿਰਣਾ ਅਤੇ ਵਿਸ਼ਿਆਂ ਦੀ ਪੜਤਾਲ ਕੀਤੀ ਜਾਂਦੀ ਹੈ। ਉੱਥੇ ਮੈਟਾ ਆਲੋਚਨਾ ਵਿੱਚ ਆਲੋਚਨਾ ਕਿਰਤ ਨੂੰ ਪਰਖਿਆ ਅਤੇ ਉਸਦਾ ਮੁੱਲ ਪਾਇਆ ਜਾਂਦਾ ਹੈ। ਇਸ ਤਰ੍ਹਾਂ ਇਹ ਆਲੋਚਨਾ ਦੀ ਆਲੋਚਨਾ ਹੋ ਨਿਬੜਦੀ ਹੈ।"[11]

**ਗੁਰਦੇਵ** ਸਿੰਘ ਨੇ ਮੈਟਾ ਆਲੋਚਨਾ ਦੀ ਲੋੜ ਨੂੰ ਸੰਖੇਪ ਸ਼ਬਦਾਂ ਵਿਚ ਬਿਆਨ ਕਰਦਿਆਂ ਕਿਹਾ ਹੈ ਕਿ, "ਕਿਸੇ ਰਚਨਾ ਸੰਬੰਧੀ ਮਿਲਦੀਆਂ ਅਲੱਗ- ਅਲੱਗ ਰਾਵਾਂ ਜਾਂ ਵਿਚਾਰਾਂ ਨੂੰ ਘੋਖਣ, ਪਰਖਣ ਲਈ ਇਕ ਅਜਿਹੀ ਵਿਧੀ ਦੀ ਜ਼ਰੂਰਤ ਹੈ ਜੋ ਇਸ ਸਮੀਖਿਆ ਦੀ ਸਮੀਖਿਆ ਕਰੇ। ਸਾਨੂੰ ਸਮੀਖਿਆ ਦੀ ਸਮੀਖਿਆ ਵੀ ਲੋੜੀਂਦੀ ਹੈ। ਸਮੀਖਿਆ ਜੋ ਕਿਸੇ ਬੰਨੇ ਉਲਾਰ ਨਾ ਹੋਵੇ ਸਗੋਂ ਸਾਵੀਂ, ਸੰਤੁਲਤ, ਨਿਰਪੱਖ ਤੇ ਸੁਥਰੀ ਹੋਵੇ।"[12]

ਉਪਰੋਕਤ ਪਰਿਭਾਸ਼ਾਵਾਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਮੈਟਾ ਆਲੋਚਨਾ ਦੇ ਖੇਤਰ ਵਿਚ ਆਲੋਚਕਾਂ ਨੇ ਆਲੋਚਨਾ ਦੀ ਆਲੋਚਨਾ ਨੂੰ ਮੈਟਾ ਆਲੋਚਨਾ ਕਿਹਾ ਹੈ। ਆਲੋਚਕ ਦਾ ਕੰਮ ਸਾਹਿਤਕ ਰਚਨਾਵਾਂ ਦੀਆਂ ਜੁਗਤਾਂ ਨੂੰ ਸਮਝਣਾ-ਸਮਝਾਉਣਾ ਅਤੇ ਆਪਣੇ ਦ੍ਰਿਸ਼ਟੀਕੋਣ ਤੋਂ ਕਿਸੇ ਸਾਹਿਤਕ ਕਿਰਤ ਦਾ ਮੁੱਲ ਪਾਉਣਾ ਹੈ। ਪਰ ਮੈਟਾ ਆਲੋਚਕ ਆਲੋਚਨਾ ਪਾਠਾਂ ਦੀਆਂ ਜੁਗਤਾਂ ਦੀ ਭਾਲ ਕਰਦਾ ਹੋਇਆ, ਸਾਹਿਤ ਕਿਰਤਾਂ ਵਿਚ ਵਰਤੀਆਂ ਜੁਗਤਾਂ ਦੇ ਵਿਸ਼ਲੇਸ਼ਣ ਉੱਪਰ ਵੀ ਧਿਆਨ ਕੇਂਦਰਿਤ ਕਰਦਾ ਹੈ। ਇੱਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਮੈਟਾ ਆਲੋਚਕ ਨੂੰ ਆਪਣੇ ਅਧਿਐਨ ਸਮੇਂ ਆਲੋਚਕ ਅਤੇ ਸਾਹਿਤਕਾਰ ਦੋਵਾਂ ਦੇ ਦ੍ਰਿਸ਼ਟੀਕੋਣ ਨੂੰ ਧਿਆਨ ਵਿਚ ਰੱਖਣਾ ਪਵੇਗਾ। ਇਸਦੇ ਨਾਲ ਹੀ ਇਹ ਗੱਲ ਸਮਝਣੀ ਵੀ ਜ਼ਰੂਰੀ ਹੈ ਕਿ ਮੈਟਾ ਆਲੋਚਕ ਦੀ ਵੀ ਆਪਣੀ ਅਧਿਐਨ ਦ੍ਰਿਸ਼ਟੀ ਹੁੰਦੀ ਹੈ ਜਿਸ ਨਾਲ ਉਹ ਆਪਣੀ ਅਧਿਐਨ ਵਸਤੂ ਦਾ ਅਧਿਐਨ ਕਰਦਾ ਹੈ।

ਪੰਜਾਬੀ ਆਲੋਚਨਾ-ਚਿੰਤਨ ਦੇ ਖੇਤਰ ਵਿੱਚ ਮੈਟਾ ਆਲੋਚਨਾ ਦੀ ਪ੍ਰਕਿਰਤੀ ਨੂੰ ਆਲੋਚਨਾ ਦੀ ਆਲੋਚਨਾ ਕਥਨ ਰਾਹੀਂ ਸਮਝਿਆ ਗਿਆ ਹੈ। ਹਰਿਭਜਨ ਸਿੰਘ ਭਾਟੀਆ ਤੋਂ ਇਲਾਵਾ ਸਤਿੰਦਰ ਸਿੰਘ ਨੂਰ, ਸੁਰਜੀਤ ਸਿੰਘ ਭੱਟੀ, ਟੀ.ਆਰ. ਵਿਨੋਦ, ਸਤਨਾਮ ਸਿੰਘ ਸੰਧੂ ਅਤੇ ਸੁਰਿੰਦਰ ਕੁਮਾਰ ਦਵੇਸ਼ਵਰ ਨੇ ਵੀ ਮੈਟਾ ਆਲੋਚਨਾ ਦੀ ਹੋਂਦ ਨੂੰ ਸਵੀਕਾਰ ਕੀਤਾ ਹੈ। ਸੁਰਜੀਤ ਸਿੰਘ ਭੱਟੀ ਨੇ ਆਪਣੀ ਪੁਸਤਕ 'ਵਿਸ਼ਵੀਕਰਣ ਅਤੇ ਸਾਹਿਤ ਚਿੰਤਨ' ਦੇ ਲੇਖ 'ਆਧੁਨਿਕ ਪੰਜਾਬੀ ਆਲੋਚਨਾ: ਬਦਲਦੇ ਰੁਝਾਨ' ਵਿਚ ਮੈਟਾ ਆਲੋਚਨਾ ਨੂੰ ਆਲੋਚਨਾ ਦੀ ਵਿਧੀ ਮੰਨਦੇ ਹੋਏ ਇਸਦੀ ਹੋਂਦ ਨੂੰ ਸਵੀਕਾਰ ਕੀਤਾ ਹੈ। ਸੁਰਜੀਤ ਸਿੰਘ ਭੱਟੀ ਅਨੁਸਾਰ, "ਸਾਹਿਤ ਆਲੋਚਨਾ ਦੇ ਬਦਲਦੇ ਰੁਝਾਨਾਂ ਵਿਚ ਮੈਟਾ ਆਲੋਚਨਾ ਅਤੇ ਪੰਜਾਬੀ ਸਾਹਿਤ ਦੇ ਪੁਨਰ ਮੁਲਾਂਕਣ ਦੇ ਦੋ ਹੋਰ ਰੁਝਾਨ ਵੀ ਸਮਕਾਲੀ ਆਲੋਚਨਾ ਵਿਚ ਮਿਲਦੇ ਹਨ। ਪੰਜਾਬੀ ਸਾਹਿਤ ਆਲੋਚਨਾ ਵਿਚ ਮੈਟਾ ਆਲੋਚਨਾ ਦਾ ਆਰੰਭ ਤਾਂ ਇਤਿਹਾਸਿਕ ਤੌਰ ਤੇ ਭਾਵੇਂ ਹਰਿੰਦਰ ਸਿੰਘ ਰੂਪ ਨੇ ਪ੍ਰਿੰਸੀਪਲ ਤੇਜਾ ਸਿੰਘ ਦੀ ਆਲੋਚਨਾ ਉੱਪਰ ਆਲੋਚਨਾ ਕਰਕੇ ਅਤੇ ਭਾਈ ਵੀਰ ਸਿੰਘ ਉਪਰ ਟਿੱਪਣੀਆਂ ਕਰਕੇ ਆਰੰਭ ਕਰ ਦਿੱਤਾ ਸੀ, ਪ੍ਰੰਤੂ ਇਸ ਮੈਟਾ ਆਲੋਚਨਾ ਦਾ ਵਿਧੀਗਤ ਅਤੇ ਸੁਤੰਤਰ ਅਨੁਸ਼ਾਸ਼ਨ ਵਜੋਂ ਆਰੰਭ ਹਰਿਭਜਨ ਸਿੰਘ ਭਾਟੀਆ ਦੀ ਪੁਸਤਕ 'ਪੰਜਾਬੀ ਆਲੋਚਨਾ ਸਿਧਾਂਤ ਤੇ ਵਿਹਾਰ' ਨਾਲ ਹੋਇਆ ਮੰਨਿਆ ਹੈ।"[13] ਸਤਿਨਾਮ ਸਿੰਘ ਸੰਧੂ 'ਨਵੀਂ ਪੰਜਾਬੀ ਆਲੋਚਨਾ-3' ਪੁਸਤਕ ਵਿਚ ਸ਼ਾਮਲ ਖੋਜ ਪੱਤਰ 'ਪੰਜਾਬੀ ਆਲੋਚਨਾ ਦਰਸ਼ਨ ਅਤੇ ਡਾ. ਗੁਰਭਗਤ ਦੀ

ਆਲੋਚਨਾ ਦ੍ਰਿਸ਼ਟੀ' ਵਿਚ ਮੈਟਾ ਆਲੋਚਨਾ ਦੇ ਹੋਂਦ ਵਿਚ ਆਉਣ ਦੇ ਕਾਰਨਾਂ ਦੀ ਤਲਾਸ਼ ਕਰਦੇ ਹੋਏ ਇਸ ਨਤੀਜੇ ਤੇ ਪਹੁੰਚਦੇ ਹਨ ਕਿ ਜਦੋਂ ਸਿਰਜਣਾ ਸੰਬੰਧੀ ਇਕ ਤੋਂ ਵਧੇਰੇ ਦ੍ਰਿਸ਼ਟੀਕੋਣਾਂ ਨਾਲ ਵਿਹਾਰ ਦੀ ਪੱਧਰ ਤੇ ਸਮੱਸਿਆਵਾਂ ਖੜ੍ਹੀਆਂ ਹੁੰਦੀਆਂ ਹਨ ਤਾਂ ਦੁਬਾਰਾ ਪੂਰਬਲੇ ਸਿਧਾਂਤਾਂ ਦੀ ਪੁਣਛਾਣ ਕਰਨੀ ਪੈਂਦੀ ਹੈ। ਜਿਸ ਤੋਂ ਨਵਾਂ ਅਧਿਐਨ ਜਾਂ ਮੈਟਾ ਅਧਿਐਨ ਹੋਂਦ ਵਿਚ ਆਉਂਦਾ ਹੈ। ਸੁਰਿੰਦਰ ਕੁਮਾਰ ਦਵੇਸ਼ਵਰ ਪੰਜਾਬੀ ਸਾਹਿਤ ਆਲੋਚਨਾ ਵਿਚ ਮੈਟਾ ਆਲੋਚਨਾ ਦਾ ਪ੍ਰਵੇਸ਼ ਰਵਿੰਦਰ ਸਿੰਘ ਰਵੀ ਤੋਂ ਮੰਨਦਾ ਹੈ, ਪਰ ਉਹ ਹਰਿਭਜਨ ਸਿੰਘ ਭਾਟੀਆ ਅਤੇ ਸੁਰਜੀਤ ਸਿੰਘ ਭੱਟੀ ਨੂੰ ਦੋ ਅਜਿਹੇ ਸਾਹਿਤ ਆਲੋਚਕ ਵਜੋਂ ਮਾਨਤਾ ਦਿੰਦਾ ਹੈ ਜਿਹਨਾਂ ਨੇ ਮੈਟਾ ਆਲੋਚਨਾ ਦੇ ਸੂਝ ਮਾਡਲ ਨੂੰ ਸਥਾਪਿਤ ਅਤੇ ਵਿਕਸਿਤ ਕਰਨ ਦੀ ਕੋਸ਼ਿਸ਼ ਕੀਤੀ।

ਆਲੋਚਨਾ ਦੇ ਕਾਰਜ ਨੂੰ ਮੈਟਾ ਆਲੋਚਕ ਹੋਰ ਅੱਗੇ ਲੈ ਕੇ ਜਾਂਦਾ ਹੈ। ਮੈਟਾ ਆਲੋਚਕ ਦੇ ਅਧਿਐਨ ਦਾ ਕੇਂਦਰ-ਬਿੰਦੂ ਆਲੋਚਨਾ ਪਾਠ ਹੁੰਦੇ ਹਨ। ਆਲੋਚਨਾ ਪਾਠਾਂ ਵਿਚ ਆਲੋਚਕ ਦੀ ਅਧਿਐਨ ਦ੍ਰਿਸ਼ਟੀ ਅਚੇਤ ਜਾਂ ਸੁਚੇਤ ਰੂਪ ਵਿਚ ਸ਼ਾਮਲ ਹੁੰਦੀ ਹੈ। ਇਸ ਅਧਿਐਨ ਦ੍ਰਿਸ਼ਟੀ ਅਤੇ ਆਲੋਚਨਾ ਸਿਧਾਂਤਾਂ ਦੀ ਪਛਾਣ ਕਰਨ ਲਈ ਮੈਟਾ ਆਲੋਚਕ ਇਹਨਾਂ ਆਲੋਚਨਾ ਪਾਠਾਂ ਦਾ ਅਧਿਐਨ ਵਿਸ਼ਲੇਸ਼ਣ ਕਰਦਾ ਹੈ। ਕਿਸੇ ਆਲੋਚਕ ਦੀ ਅਧਿਐਨ ਦ੍ਰਿਸ਼ਟੀ ਕੀ ਹੈ , ਇਸ ਦੀ ਪਛਾਣ ਕਿਰਤ ਦੇ ਅਧਿਐਨ ਰਾਹੀਂ ਮੈਟਾ ਆਲੋਚਕ ਕਰਾਉਂਦਾ ਹੈ। ਆਲੋਚਕ ਦੀ ਦ੍ਰਿਸ਼ਟੀ ਦੀ ਪਛਾਣ ਕਰਨ ਲਈ ਮੈਟਾ ਆਲੋਚਕ, ਕਿਸੇ ਆਲੋਚਕ ਦੁਆਰਾ ਵਰਤੀਆਂ ਆਲੋਚਨਾ ਵਿਧੀਆਂ ਨੂੰ ਘੋਖਦਾ ਹੋਇਆ, ਉਸਦੀਆਂ ਵਿਧੀਆਂ ਨੂੰ ਸਾਹਿਤਕ ਰਚਨਾ ਦੇ ਆਧਾਰ ਉੱਤੇ ਪਰਖ ਕੇ ਤੱਥ ਅਤੇ ਨਿਰਣੇ ਪੇਸ਼ ਕਰਦਾ ਹੈ। ਇਸ ਤਰ੍ਹਾਂ ਵੇਖਿਆ ਜਾ ਸਕਦਾ ਹੈ ਕਿ ਮੈਟਾ ਆਲੋਚਨਾ ਦਾ ਖੇਤਰ ਵਿਸ਼ਾਲ ਹੈ, ਇਸ ਵਿਚ ਸਾਹਿਤ ਆਲੋਚਨਾ ਦੇ ਹਰ ਇਕ ਪੱਖ ਜਾਂ ਪਹਿਲੂ ਦਾ ਅਧਿਐਨ ਕਰਨਾ ਸ਼ਾਮਿਲ ਹੈ।

ਇਹ ਦਿਸਦੇ ਤੋਂ ਅਣਦਿਸਦੇ ਵੱਲ ਪਹੁੰਚਣ ਦੇ ਯਤਨ ਦੇ ਸਿਧਾਂਤ ਉੱਪਰ ਆਧਾਰਿਤ ਹੁੰਦੀ ਹੈ। ਆਲੋਚਨਾ ਪਾਠਾਂ ਦੀ ਸਮਝ ਲਈ ਅਧਿਏਤਾ ਸਿਧਾਂਤਕ ਸੂਝ ਦੇ ਆਧਾਰ ਤੇ ਆਲੋਚਨਾ ਪਾਠਾਂ ਦੀ ਉਸਾਰੀ ਕਰਦਾ ਹੈ ਅਤੇ ਆਲੋਚਨਾ ਪਾਠਾਂ ਸੰਬੰਧੀ ਨਿਰਣੇ ਕਰਨ ਸਮੇਂ ਆਲੋਚਨਾ ਸਿਧਾਂਤ ਨੂੰ ਧਿਆਨ ਵਿਚ ਰੱਖਦਾ ਹੈ। ਮੈਟਾ ਅਧਿਐਨ ਜਦੋਂ ਆਲੋਚਨਾ ਦੀ ਦਿਸ਼ਾ ਵੱਲ ਕੀਤਾ ਜਾਂਦਾ ਹੈ ਤਾਂ ਇਹ ਕਾਰਜ ਸਿਰਫ ਆਲੋਚਨਾ ਪਾਠਾਂ ਦੀ ਵਿਆਖਿਆ ਤੱਕ ਹੀ ਸੀਮਿਤ ਨਹੀਂ ਹੁੰਦਾ। ਇਸ ਨਾਲ ਆਲੋਚਨਾ ਪਾਠਾਂ ਦੇ ਅਮੂਰਤ ਢਾਂਚੇ ਨੂੰ ਸਮਝ

ਕੇ, ਇਸ ਰਾਹੀਂ ਪੂਰੀ ਆਲੋਚਨਾ ਪ੍ਰਕਿਰਿਆ ਦਾ ਅਧਿਐਨ ਕੀਤਾ ਜਾਂਦਾ ਹੈ। ਹਰਿਭਜਨ ਸਿੰਘ ਭਾਟੀਆ ਦੀ ਪੁਸਤਕ 'ਪੰਜਾਬੀ ਆਲੋਚਨਾ ਸਿਧਾਂਤ ਤੇ ਵਿਹਾਰ' ਤੋਂ ਇਲਾਵਾ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਸਿਧਾਂਤਕ ਆਧਾਰਾਂ ਰਾਹੀਂ ਮੈਟਾ ਆਲੋਚਨਾ ਦੀ ਪ੍ਰਕਿਰਤੀ ਨੂੰ ਸਮਝਣ ਦਾ ਕੋਈ ਅਹਿਮ ਕਾਰਜ ਸਾਹਮਣੇ ਨਹੀਂ ਆਉਂਦਾ। ਹਰਿਭਜਨ ਸਿੰਘ ਭਾਟੀਆ ਨੇ "ਮੈਟਾ ਆਲੋਚਨਾ ਪਾਠਾਂ ਨੂੰ ਚਾਰ ਵਰਗਾਂ ਵਿਚ ਵੰਡਿਆ ਹੈ। ਉਹਨਾਂ ਅਨੁਸਾਰ ਮੈਟਾ ਆਲੋਚਕ ਆਲੋਚਨਾ ਪਾਠਾਂ ਨੂੰ ਆਤਮਭਾਵੀ ਅਧਿਐਨ ਵਿਧੀ, ਕਾਵਿ ਸ਼ਾਸਤਰ ਦੇ ਨੇਮਾਂ ਉਪਰ ਉਸਰੀ ਅਧਿਐਨ ਵਿਧੀ, ਬਹਿਰੰਗ ਅਧਿਐਨ ਵਿਧੀ, ਅੰਤਰੰਗ ਅਧਿਐਨ ਵਿਧੀ ਦੇ ਆਧਾਰ 'ਤੇ ਜਾਂਚਦਾ-ਪਰਖਦਾ ਹੈ।"[14] ਆਤਮਭਾਵੀ ਅਧਿਐਨ ਵਿਧੀ ਦਾ ਨਾਮ ਹੀ ਸੱਪਸ਼ਟ ਕਰਦਾ ਹੈ ਕਿ ਇਹ ਆਲੋਚਕ ਦੇ ਮਨ ਉਪਰ ਪਏ ਪ੍ਰਭਾਵ ਦੇ ਆਧਾਰ ਤੇ ਉਸਰੇ ਆਲੋਚਨਾ ਪਾਠਾਂ ਵਿਚਲੇ ਸਿਧਾਂਤਾਂ ਦਾ ਅਧਿਐਨ ਕਰਦੀ ਹੈ। ਇਸ ਵਿਧੀ ਅਧੀਨ ਕੀਤੀ ਗਈ ਆਲੋਚਨਾ ਵਿਚ ਆਲੋਚਕ ਸਾਹਿਤ ਨੇਮਾਂ ਦੀ ਬਜਾਇ ਪ੍ਰਸੰਸਾ ਜਾਂ ਨਿੰਦਾ ਸੂਚਕ ਪ੍ਰਭਾਵਾਂ ਨੂੰ ਹੀ ਆਪਣੀ ਆਲੋਚਨਾ ਦਾ ਆਧਾਰ ਬਣਾਉਂਦਾ ਹੈ। ਦੂਸਰੀ ਅਧਿਐਨ ਵਿਧੀ ਕਾਵਿ ਸ਼ਾਸਤਰੀ ਨੇਮਾਂ ਉਪਰ ਆਧਾਰਿਤ ਹੈ। ਇਸ ਵਿਧੀ ਦੇ ਆਧਾਰ ਤੇ ਆਲੋਚਕ ਸਾਹਿਤਕ ਕਿਰਤ ਦੀ ਕਲਾਤਮਕਤਾ ਦਾ ਅੰਦਾਜ਼ਾ ਲੈਂਦਾ ਹੈ। ਬਹਿਰੰਗ ਵਿਧੀ ਵਿਚ ਕਿਸੇ ਸਿਧਾਂਤ ਜਾਂ ਵਿਚਾਰਧਾਰਾ ਨੂੰ ਆਧਾਰ ਬਣਾ ਕੇ ਆਲੋਚਨਾ ਕੀਤੀ ਜਾਂਦੀ ਹੈ ਅਤੇ ਅੰਤਰੰਗ ਅਧਿਐਨ ਵਿਧੀ ਵਿਚ ਰਚਨਾ ਪਾਠਾਂ ਉੱਪਰ ਕੇਂਦਰਿਤ ਹੋ ਕੇ ਮੈਟਾ ਆਲੋਚਕ ਆਲੋਚਨਾ ਦੇ ਕਾਰਜ ਖੇਤਰ ਵਿਚ ਆਉਂਦਾ ਹੈ।

ਆਲੋਚਨਾਤਮਕ ਰਚਨਾਵਾਂ ਦੇ ਅਧਿਐਨ ਲਈ ਇਹਨਾਂ ਵਿਧੀਆਂ ਵਿਚੋਂ ਕਿਸੇ ਇਕ ਵਿਧੀ ਨੂੰ ਆਧਾਰ ਬਣਾ ਕੇ ਕੀਤੇ ਗਏ ਅਧਿਐਨ ਦੇ ਹੋਣ ਵਾਲੇ ਫਾਇਦੇ ਅਤੇ ਨੁਕਸਾਨ ਨੂੰ ਧਿਆਨ ਵਿਚ ਰੱਖਦਿਆਂ, ਸੰਤੁਲਿਤ ਅਧਿਐਨ ਵਿਧੀ ਅਪਣਾਉਣ ਵੱਲ ਧਿਆਨ ਦੇਣਾ ਚਾਹੀਦਾ ਹੈ। ਕਿਸੇ ਇਕ ਅਧਿਐਨ ਵਿਧੀ ਵੱਲ ਉਲਾਰ ਹੋ ਕੇ ਕੀਤੇ ਅਧਿਐਨ ਨਾਲ ਮੈਟਾ ਆਲੋਚਕ ਪ੍ਰਸੰਸਾਤਮਕ ਜਾਂ ਵਿਰੋਧ ਵਿਚ ਵਿਚਾਰ ਤਾਂ ਦੇ ਸਕਦਾ ਹੈ ਪਰ ਕਿਸੇ ਆਲੋਚਨਾਤਮਕ ਕਿਰਤ ਬਾਰੇ ਸਹੀ ਮੁਲਾਂਕਣ ਨਹੀਂ ਪੇਸ਼ ਕਰ ਸਕਦਾ। ਹਰਿਭਜਨ ਸਿੰਘ ਭਾਟੀਆ ਪਹਿਲੀਆਂ ਦੋ ਵਿਧੀਆਂ ਨੂੰ ਰੱਦ ਕਰਦਾ ਹੈ ਅਤੇ ਪਿਛਲੀਆਂ ਦੋ ਅਧਿਐਨ ਵਿਧੀਆਂ ਬਹਿਰੰਗ ਅਤੇ ਅੰਤਰੰਗ ਨੂੰ ਜੋੜ ਕੇ ਵਰਤਣ ਦੀ ਲੋੜ ਉਪਰ ਬਲ ਦਿੰਦਾ ਹੈ। ਇਸ ਤੋਂ ਅੱਗੇ ਜਾ ਕੇ ਉਹ ਮੈਟਾ ਆਲੋਚਕ ਦੀ ਮੌਲਿਕਤਾ ਉੱਪਰ ਵੀ ਬਲ ਦਿੰਦਾ ਹੈ। ਮੈਟਾ ਆਲੋਚਕ ਦਾ

ਉਹ ਰੂਪ ਹੀ ਆਦਰਸ਼ਕ ਹੈ ਜਿਹੜਾ ਉੱਪਰ ਦਿੱਤੀਆਂ ਅਧਿਐਨ ਵਿਧੀਆਂ ਨੂੰ ਸਮਾਨਾਂਤਰ ਰੂਪ ਵਿਚ ਵਰਤ ਕੇ ਆਲੋਚਨਾਤਮਕ ਕਾਰਜ ਕਰਦਾ ਹੈ। ਸਮੀਖਿਆ ਵਿਧੀਆਂ ਅਤੇ ਸੰਕਲਪਾਂ ਦੇ ਸਮਰਥਨ ਜਾਂ ਵਿਰੋਧ ਵਿਚ ਜੋ ਸੰਵਾਦ ਪੈਦਾ ਹੁੰਦਾ ਹੈ, ਉਹ ਮੈਟਾ ਆਲੋਚਨਾ ਦਾ ਆਧਾਰ ਬਣਦਾ ਹੈ। ਪੰਜਾਬੀ ਆਲੋਚਨਾ ਜਗਤ ਵਿਚ ਮੈਟਾ ਆਲੋਚਨਾ ਸੰਕਲਪ ਆਪਣੇ ਮੁੱਢਲੇ ਪੜਾਅ ਉਪਰ ਹੀ ਹੈ। ਪੰਜਾਬੀ ਚਿੰਤਨ ਵਿਚ ਮੈਟਾ ਆਲੋਚਨਾ ਨੂੰ ਇਕ ਅਧਿਐਨ ਵਿਧੀ ਦੇ ਤੌਰ ਤੇ ਜਾਣਿਆ ਜਾਂਦਾ ਹੈ, ਇਸ ਕਰਕੇ ਮੈਟਾ ਆਲੋਚਨਾ ਦੀ ਪ੍ਰਕਿਰਤੀ, ਪ੍ਰਯੋਜਨ ਦੀ ਸਿਧਾਂਤਕ ਉਸਾਰੀ ਲਈ ਵਿਸ਼ੇਸ਼ ਯਤਨ ਨਹੀਂ ਹੋਏ। ਮੈਟਾ ਆਲੋਚਨਾ, ਆਲੋਚਨਾ ਦਾ ਅਜਿਹਾ ਖੇਤਰ ਹੈ ਜਿੱਥੇ ਇਹ ਵੱਖ-ਵੱਖ ਅੰਤਰ-ਦ੍ਰਿਸ਼ਟੀਆਂ ਨਾਲ ਸੰਵਾਦ ਰਚਾਉਂਦੀ ਆਪਣੀ ਹੋਂਦ ਗ੍ਰਹਿਣ ਕਰਦੀ ਹੈ। ਆਤਮਭਾਵੀ ਵਿਧੀ ਦੀ ਹੋਂਦ ਪੰਜਾਬੀ ਮੈਟਾ ਆਲੋਚਨਾ ਵਿਚ ਸੰਭਵ ਨਹੀਂ ਹੈ ਕਿਉਂਕਿ ਮੈਟਾ ਆਲੋਚਕ ਕਿਸੇ ਵਿਚਾਰਧਾਰਾ ਦੇ ਅਧੀਨ ਵਿਚਰਦਾ ਹੋਇਆ ਮੈਟਾ ਆਲੋਚਨਾ ਦੇ ਨੇਮਾਂ ਅਨੁਸਾਰ ਕਿਸੇ ਆਲੋਚਨਾ ਪਾਠ ਦਾ ਅਧਿਐਨ ਕਰਦਾ ਹੈ।

ਕਿਸੇ ਆਲੋਚਕ ਨੇ ਆਪਣੇ ਆਲੋਚਨਾ ਕਾਰਜ ਸਮੇਂ ਜਿਹੜੀਆਂ ਧਾਰਵਨਾਵਾਂ ਸਥਾਪਿਤ ਕੀਤੀਆਂ ਹਨ, ਕੀ ਸੰਬੰਧਿਤ ਚਿੰਤਨ ਜਗਤ ਵਿਚ ਉਹਨਾਂ ਧਾਰਨਾਵਾਂ ਨੂੰ ਪ੍ਰਵਾਨ ਕੀਤਾ ਹੈ ਕਿ ਨਹੀਂ? ਉਹਨਾਂ ਧਾਰਨਾਵਾਂ ਦਾ ਵਰਤਮਾਨ ਸਰੋਕਾਰਾਂ ਨਾਲ ਕੀ ਸੰਵਾਦ ਹੈ? ਇਸ ਦੇ ਨਾਲ ਹੀ ਇਹ ਪਤਾ ਕਰਨਾ ਕਿ ਆਲੋਚਕ ਦਾ ਚਿੰਤਨ ਜਗਤ ਵਿਚ ਕੀ ਸਥਾਨ ਹੈ? ਉਸਦੀ ਅਧਿਐਨ ਦ੍ਰਿਸ਼ਟੀ ਕੀ ਹੈ? ਉਸ ਨੇ ਕੀ ਨਵਾਂ ਪੇਸ਼ ਕੀਤਾ ਹੈ? ਉਸਨੇ ਚਿੰਤਨ ਖੇਤਰ ਵਿਚ ਕੀ ਵਾਧਾ ਕੀਤਾ ਹੈ? ਜਾਂ ਫਿਰ ਉਹ ਪੁਰਾਣੀਆਂ ਧਾਰਨਾਵਾਂ ਹੀ ਪੇਸ਼ ਕਰ ਰਿਹਾ ਹੈ। ਇਹਨਾਂ ਸਵਾਲਾਂ ਦੇ ਉੱਤਰਾਂ ਦੀ ਤਲਾਸ਼ ਮੈਟਾ ਆਲੋਚਕ ਦੁਆਰਾ ਕੀਤੀ ਜਾਂਦੀ ਹੈ। ਇਹਨਾਂ ਸਵਾਲਾਂ ਦੇ ਆਧਾਰ ਉਪਰ ਹੀ ਕਿਸੇ ਆਲੋਚਕ ਦੀਆਂ ਪ੍ਰਾਪਤੀਆਂ ਅਤੇ ਸੀਮਾਵਾਂ ਦੀ ਨਿਸ਼ਾਨਦੇਹੀ ਕਰਕੇ ਮੈਟਾ ਆਲੋਚਕ, ਆਲੋਚਕ ਦਾ ਚਿੰਤਨ ਜਗਤ ਵਿਚ ਸਥਾਨ ਨਿਰਧਾਰਿਤ ਕਰਦਾ ਹੈ। ਕਿਸੇ ਆਲੋਚਕ ਦਾ ਆਲੋਚਨਾ ਘੇਰਾ ਕੀ ਹੈ? ਉਹ ਕਿਹੜੀਆਂ ਆਲੋਚਨਾ ਵਿਧੀਆਂ, ਸੰਦਾਂ ਅਤੇ ਸੰਕਲਪਾਂ ਦੀ ਵਰਤੋਂ ਕਰਦਾ ਹੈ ਉਸ ਦੁਆਰਾ ਅਪਣਾਈਆਂ ਅਧਿਐਨ ਵਿਧੀਆਂ ਬਾਹਰੋਂ ਉਧਾਰੀਆਂ ਲਈਆਂ ਗਈਆਂ ਹਨ ਕਿ ਉਸੇ ਸਾਹਿਤ ਪਰੰਪਰਾ ਵਿਚ ਪ੍ਰਚਲਿਤ ਹਨ। ਮੈਟਾ ਅਧਿਐਨ ਦਾ ਖੇਤਰ ਬਹੁ-ਦਿਸ਼ਾਵੀਂ ਅਤੇ ਵਿਸ਼ਾਲ ਹੈ। ਮੈਟਾ ਆਲੋਚਨਾ ਦੇ ਬਹੁ ਦਿਸ਼ਾਵੀਂ ਖੇਤਰ ਬਾਰੇ ਵਿਚਾਰ ਚਰਚਾ ਕਰਦਿਆਂ

ਸਤਿੰਦਰ ਸਿੰਘ ਨੂਰ ਦੇ ਵਿਚਾਰ ਨਾਲ ਸਹਿਮਤੀ ਬਣਦੀ ਹੈ। ਉਹਨਾਂ ਅਨੁਸਾਰ, "ਪਰਾ ਸਮੀਖਿਆ ਸਰਲ ਕਾਰਜ ਨਹੀਂ ਇਕ ਕਠਿਨ ਕਾਰਜ ਹੈ। ਇਕੋ ਸਮੇਂ ਉਸ ਟੈਕਸਟ ਦਾ ਸੰਪੂਰਨ ਗਿਆਨ ਹੋਣਾ ਵੀ ਜ਼ਰੂਰੀ ਹੈ ਅਤੇ ਉਸ ਬਾਰੇ ਕੀਤੀ ਸਮੀਖਿਆ ਦਾ ਵੀ ਅਤੇ ਫਿਰ ਪਰਾ ਸਮੀਖਿਆ ਦੇ ਵਿਧੀ ਵਿਧਾਨ ਦਾ ਵੀ।"[15] ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਮੈਟਾ ਆਲੋਚਨਾ ਦਾ ਖੇਤਰ ਬਹੁਤ ਵਿਸ਼ਾਲ ਹੈ ਜਿਸ ਵਿਚ ਇਕੋ ਸਮੇਂ ਸਾਹਿਤਕ ਕਿਰਤ ਅਤੇ ਸਾਹਿਤਕ ਆਲੋਚਨਾ ਪਾਠਾਂ ਵਿਚ ਮਿਲਦੀਆਂ ਵਿਧੀਆਂ ਨੂੰ ਘੋਖਿਆ ਪਰਖਿਆ ਜਾਂਦਾ ਹੈ। ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਮੈਟਾ ਆਲੋਚਨਾ ਦੇ ਜਿਹੜੇ ਆਧਾਰ ਸਾਹਮਣੇ ਆਉਂਦੇ ਹਨ, ਉਹ ਇਸ ਤਰ੍ਹਾਂ ਹਨ –

- ਆਲੋਚਨਾ ਵਿੱਚ ਨਿੱਜੀ ਰਾਵਾਂ ਜਾਂ ਵਿਚਾਰ ਵੀ ਸ਼ਾਮਲ ਹੋ ਸਕਦੇ ਹਨ, ਪਰ ਮੈਟਾ ਆਲੋਚਨਾ ਦੇ ਆਪਣੇ ਨੇਮ ਅਤੇ ਪ੍ਰਬੰਧ ਹੁੰਦੇ ਹਨ ਜਿਹਨਾਂ ਅਨੁਸਾਰ ਮੈਟਾ ਆਲੋਚਕ ਕਿਸੇ ਕਿਰਤ ਦਾ ਅਧਿਐਨ ਕਰਦਾ ਹੈ।
- ਪੰਜਾਬੀ ਮੈਟਾ ਆਲੋਚਨਾ ਵਿਚ ਆਲੋਚਨਾ ਦੀ ਜਾਂਚ- ਪੜਤਾਲ ਅਤੇ ਪ੍ਰਾਪਤੀਆਂ ਬਾਰੇ ਜ਼ਿਆਦਾ ਚਰਚਾ ਹੈ।
- ਮੈਟਾ ਆਲੋਚਕ ਭਾਵੇਂ ਕਿਸੇ ਵਿਚਾਰਧਾਰਕ ਅੰਤਰ ਦ੍ਰਿਸ਼ਟੀ ਨਾਲ ਜੁੜਿਆ ਹੋਇਆ ਹੁੰਦਾ ਹੈ। ਪਰ ਉਹ ਅਧਿਐਨ ਕਾਰਜਾਂ ਦਾ ਸਹੀ ਮੁੱਲ ਨਿਰਧਾਰਿਤ ਕਰਨ ਲਈ ਕਿਸੇ ਵਿਚਾਰਧਾਰਕ ਨਜ਼ਰੀਏ ਪ੍ਰਤੀ ਆਪਣੇ ਝੁਕਾਅ ਨੂੰ ਦਰਕਿਨਾਰ ਕਰਕੇ, ਉਸ ਅਧਿਐਨ ਅਧੀਨ ਆਲੋਚਨਾ ਕਿਰਤ ਦਾ ਮੁਲਾਂਕਣ ਨਿਰਪੱਖ ਰਹਿ ਕੇ ਮੈਟਾ ਆਲੋਚਨਾ ਦੇ ਨੇਮਾਂ ਅਨੁਸਾਰ ਕਰਦਾ ਹੈ।
- ਮੈਟਾ ਆਲੋਚਕ ਨੂੰ ਸਾਹਿਤਕ ਰੂਪਾਂ ਦੀ ਵੀ ਸਮਝ ਹੋਣੀ ਚਾਹੀਦੀ ਹੈ। ਮੈਟਾ ਅਧਿਏਤਾ ਵਿਸ਼ਲੇਸ਼ਣ ਅਤੇ ਆਲੋਚਨਾ ਪਾਠਾਂ, ਉਹਨਾਂ ਦੀ ਸਾਰਥਕਤਾ ਦੀ ਪਛਾਣ ਕਰਨ ਲਈ ਤੀਖਣ ਬੁੱਧੀ ਦੇ ਨਾਲ- ਨਾਲ ਅਨੁਭਵ ਅਤੇ ਡੂੰਘੀ ਨੀਝ ਦਾ ਧਾਰਣੀ ਹੋਣਾ ਲਾਜ਼ਮੀ ਹੈ ਤਾਂ ਹੀ ਸਾਹਿਤਕ ਕਿਰਤਾਂ ਨਾਲ ਨਿਆਂ ਹੋ ਸਕਦਾ ਹੈ।
- ਪੰਜਾਬੀ ਮੈਟਾ ਆਲੋਚਨਾ ਵਿਚ ਇਤਿਹਾਸਕ ਕਾਲ- ਕ੍ਰਮ ਅਨੁਸਾਰ ਅਧਿਐਨ ਕਰਦੇ ਹੋਏ, ਆਲੋਚਕਾਂ ਦੇ ਜੀਵਨ, ਉਹਨਾਂ ਉੱਪਰ ਪਏ ਪ੍ਰਭਾਵਾਂ, ਸਮਾਜਕ ਪਿਛੋਕੜ ਆਦਿ ਪੱਖਾਂ ਨੂੰ ਉਘਾੜਨ ਦਾ ਯਤਨ ਕੀਤਾ ਹੈ।

• ਮੈਟਾ ਆਲੋਚਕਾਂ ਨੂੰ ਆਲੋਚਨਾ ਦੇ ਇਕ ਜਾਂ ਇਕ ਤੋਂ ਵੱਧ ਦ੍ਰਿਸ਼ਟੀਆਂ ਵੱਲ ਝੁਕਾਅ ਰੱਖਣ ਦੀ ਬਜਾਏ ਮੈਟਾ ਅਧਿਐਨ ਵਿਸ਼ਲੇਸ਼ਣ ਵਿਚ ਸ਼ਾਮਲ ਹੋਣਾ ਚਾਹੀਦਾ ਹੈ। ਪਰ ਪੰਜਾਬੀ ਮੈਟਾ ਆਲੋਚਨਾ ਵਿਚ ਅਧਿਐਨ ਕਰਤਾ ਦਾ ਝੁਕਾਅ ਕਿਸੇ ਨਾ ਕਿਸੇ ਆਲੋਚਨਾ ਦ੍ਰਿਸ਼ਟੀ ਜਾਂ ਵਿਚਾਰਧਾਰਾ ਵੱਲ ਵੇਖਿਆ ਜਾ ਸਕਦਾ ਹੈ। ਮੈਟਾ ਆਲੋਚਕ ਨੂੰ ਨਿਰਪੱਖ ਦ੍ਰਿਸ਼ਟੀ ਦਾ ਧਾਰਨੀ ਹੋਣਾ ਚਾਹੀਦਾ ਹੈ।

• ਵੱਖ- ਵੱਖ ਆਲੋਚਨਾ ਦ੍ਰਿਸ਼ਟੀਆਂ ਦੀ ਜਾਂਚ ਕਰਨੀ ਅਤੇ ਉਹਨਾਂ ਦੇ ਆਪਸੀ ਸੰਬੰਧਾਂ ਨੂੰ ਦਰਸਾਉਣ ਦੀਆਂ ਕੋਸ਼ਿਸ਼ਾਂ ਮੈਟਾ ਆਲੋਚਨਾ ਦੇ ਖੇਤਰ ਦਾ ਹਿੱਸਾ ਹਨ।

• ਪੰਜਾਬੀ ਮੈਟਾ ਆਲੋਚਨਾ ਵਿਚ ਵਿਹਾਰਕ ਕਾਰਜ ਹੀ ਜ਼ਿਆਦਾ ਹੋਇਆ ਹੈ। ਇਸ ਵਿਚ ਕਿਸੇ ਆਲੋਚਕ ਦੀ ਆਲੋਚਨਾ ਦ੍ਰਿਸ਼ਟੀ ਜਾਂ ਕਿਸੇ ਆਲੋਚਨਾ ਵਿਧੀ ਦੀਆਂ ਸਮੁੱਚੀਆਂ ਪ੍ਰਾਪਤੀਆਂ, ਕਮਜ਼ੋਰੀਆਂ ਨੂੰ ਸਾਹਮਣੇ ਲਿਆਂਦਾ ਗਿਆ ਹੈ।

• ਪੰਜਾਬੀ ਮੈਟਾ ਆਲੋਚਨਾ ਦੀਆਂ ਜਿਹਨਾਂ ਪੁਸਤਕਾਂ ਵਿਚ ਪੰਜਾਬੀ ਆਲੋਚਨਾ ਦਾ ਇਤਿਹਾਸ ਬਾਰੇ ਜਾਣਕਾਰੀ ਮਿਲਦੀ ਹੈ, ਉਹਨਾਂ ਵਿਚ ਪੰਜਾਬੀ ਆਲੋਚਨਾ ਦੀਆਂ ਸੀਮਾਵਾਂ, ਸੰਭਾਵਨਾਵਾਂ ਨੂੰ ਰੂਪਮਾਨ ਕੀਤਾ ਗਿਆ ਹੈ। ਪੰਜਾਬੀ ਆਲੋਚਨਾ ਦੇ ਝੁਕਾਵਾਂ ਬਾਰੇ ਚਰਚਾ ਕਰਦੇ ਹੋਏ ਇਹਨਾਂ ਪਿੱਛੇ ਕੰਮ ਕਰ ਰਹੇ ਕਾਰਣਾਂ ਸੰਬੰਧੀ ਟਿੱਪਣੀਆਂ ਕੀਤੀਆਂ ਹਨ।

• ਮੈਟਾ ਆਲੋਚਕ ਸਾਡਾ ਧਿਆਨ ਉਹਨਾਂ ਸੰਬੰਧਾਂ, ਸਮਾਨਤਾਵਾਂ ਅਤੇ ਜਟਿਲਤਾਵਾਂ ਉੱਤੇ ਕੇਂਦਰਿਤ ਕਰਦਾ ਹੈ, ਜਿਹਨਾਂ ਨੂੰ ਆਲੋਚਨਾਤਮਕ ਸਿਧਾਂਤਕਾਰਾਂ ਵੱਲੋਂ ਸੁਚੱਜੇ ਮਾਪਦੰਡਾਂ ਦੀ ਖੋਜ ਵਿਚ ਅਕਸਰ ਅਣਡਿੱਠ ਕੀਤਾ ਜਾਂਦਾ ਹੈ।

• ਮੈਟਾ ਆਲੋਚਕ ਜਾਂਚ ਕਰਦਾ ਹੈ ਕਿ ਕੋਈ ਆਲੋਚਕ ਕਿਸ ਆਧਾਰ ਉੱਪਰ ਰਚਨਾਵਾਂ ਵਿਚਲੇ ਤੱਥਾਂ ਦਾ ਲੇਖਾ- ਜੋਖਾ ਕਰਦਾ ਹੋਇਆ ਉਹਨਾਂ ਨੂੰ ਸਵੀਕਾਰਦਾ ਜਾਂ ਰੱਦਦਾ ਹੈ। ਇਹ ਫਾਰਮੂਲੇਸ਼ਨ ਬਣਾਉਣ ਸਮੇਂ ਉਸਦਾ ਆਧਾਰ ਕੀ ਹੈ।

• ਮੈਟਾ ਆਲੋਚਕ ਅਧਿਐਨ ਸਿਧਾਂਤਾਂ ਬਾਰੇ ਸਵਾਲ ਉਠਾਉਂਦਾ ਹੈ, ਪਰ ਉਸਦਾ ਮਕਸਦ ਇਹਨਾਂ ਅਧਿਐਨ ਦ੍ਰਿਸ਼ਟੀਆਂ ਨੂੰ ਰੱਦ ਕਰਨਾ ਨਹੀਂ ਹੁੰਦਾ ਹੈ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਮੈਟਾ ਆਲੋਚਨਾ ਦੇ ਖੇਤਰ ਵਿਚ ਆਲੋਚਨਾ ਦੀਆਂ ਵਿਧੀਆਂ, ਦ੍ਰਿਸ਼ਟੀਆਂ, ਸਿਧਾਂਤਾਂ, ਜੁਗਤਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਹ ਵਿਸ਼ਲੇਸ਼ਣ ਕਿਸੇ ਆਲੋਚਕ ਬਾਰੇ ਜਾਂ ਕਿਸੇ ਆਲੋਚਨਾਤਮਕ ਵਿਵਾਦ ਬਾਰੇ ਜਾਂ ਵੱਖ-ਵੱਖ

ਆਲੋਚਨਾ ਦ੍ਰਿਸ਼ਟੀਆਂ ਬਾਰੇ ਹੋ ਸਕਦਾ ਹੈ। ਮੈਟਾ ਆਲੋਚਨਾ, ਆਲੋਚਨਾ ਕਿਰਤਾਂ ਦਾ ਮੁਲਾਂਕਣ ਕਰਨ ਦੇ ਨਾਲ-ਨਾਲ ਉਹਨਾਂ ਦੀ ਆਲੋਚਨਾਤਮਕ ਵਿਆਖਿਆ ਕਰਕੇ ਨਿਰਣੇ ਵੀ ਦਿੰਦੀ ਹੈ। ਮੈਟਾ ਆਲੋਚਨਾ ਦੇ ਖੇਤਰ ਵਿਚ ਕੰਮ ਕਰ ਰਹੇ ਅਧਿਐਨ ਕਰਤਾ ਕਿਸੇ ਸਿਧਾਂਤ ਵਿਚਲੀ ਉਲਝਣ ਜਾਂ ਮਹੱਤਤਾ ਨੂੰ ਸਾਹਮਣੇ ਲਿਆਉਂਦਾ ਹੈ। ਮੈਟਾ ਆਲੋਚਨਾ ਦੀ ਪ੍ਰਕਿਰਤੀ ਅਤੇ ਪ੍ਰਕਾਰਜ ਸਾਹਿਤ ਆਲੋਚਨਾ ਦੇ ਅਧਿਐਨ ਕਾਰਜ ਨੂੰ ਤਰਕਪੂਰਨ ਅਤੇ ਗਿਆਨ-ਮੂਲਕ ਅਨੁਸ਼ਾਸ਼ਨ ਵਜੋਂ ਸਥਾਪਿਤ ਕਰਨਾ ਹੈ। ਮੈਟਾ ਆਲੋਚਨਾ, ਕਿਸੇ ਸਾਹਿਤਕ ਆਲੋਚਨਾ ਪ੍ਰਕਿਰਿਆ ਦਾ ਆਲੋਚਨਾਤਮਕ ਵਿਸ਼ਲੇਸ਼ਣ ਕਰਦੀ ਹੈ। ਇਸ ਤਰ੍ਹਾਂ ਜੇਕਰ ਆਲੋਚਨਾ ਸਾਹਿਤਕ ਕਿਰਤ ਵਿਚ ਪੇਸ਼ ਵਿਚਾਰਾਂ ਅਤੇ ਪ੍ਰਭਾਵਾਂ ਨੂੰ ਗਹਿਰੇ ਰੂਪ ਵਿਚ ਪੇਸ਼ ਕਰਦੀ ਹੈ ਤਾਂ ਮੈਟਾ ਆਲੋਚਨਾ, ਆਲੋਚਨਾ ਕਿਰਤ ਵਿਚ ਪੇਸ਼ ਹੋਏ ਵਿਚਾਰਾਂ ਦੀ ਗਹਿਰਾਈ ਦਾ ਮੁਲਾਂਕਣ ਪੇਸ਼ ਕਰਕੇ ਉਸ ਦੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਨੂੰ ਉਜਾਗਰ ਕਰਦੀ ਹੈ। ਮੈਟਾ ਆਲੋਚਕ ਕਿਸੇ ਇਕ ਆਲੋਚਨਾ ਸਿਧਾਂਤ ਦੇ ਪੱਖ ਵਿਚ ਨਹੀਂ ਖੜ੍ਹਦਾ ਸਗੋਂ ਨਿਰਪੱਖ ਅਤੇ ਸਕਾਰਾਤਮਕ ਹੋ ਕੇ ਆਲੋਚਨਾ ਸਿਧਾਂਤਾਂ ਦਾ ਮੁਲਾਂਕਣ ਕਰਦਾ ਹੈ।

**ਹਵਾਲੇ**

1. ਹਰਭਜਨ ਸਿੰਘ ਭਾਟੀਆ, ਪੰਜਾਬੀ ਆਲੋਚਨਾ ਸਿਧਾਂਤ ਤੇ ਵਿਹਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2021, ਪੰਨਾ 1

2. The Shorter Oxford Dictionary, C.T. ONIONS (eds.), New York: Oxford University Press, 1973, p- 1313

3. ਰਵਿੰਦਰ ਕੌਰ, ਪੰਜਾਬੀ ਲੋਕ-ਸਾਹਿਤ ਅਧਿਐਨ ਆਲੋਚਨਾਤਮਕ ਵਿਸ਼ਲੇਸ਼ਣ, ਪੰਜ ਆਬ ਪ੍ਰਕਾਸ਼ਨ, ਜਲੰਧਰ, 2013, ਪੰਨਾ 26

4. Encyclopedia of contemporary Literary Theory: Approaches, Scholars, Terms, Irena Rima Makaryk (editor), University of Toronto Press in incorporated, Toronto, 1993, p- 106

5. ਰਵਿੰਦਰ ਕੌਰ, ਪੰਜਾਬੀ ਲੋਕ-ਸਾਹਿਤ ਅਧਿਐਨ ਆਲੋਚਨਾਤਮਕ ਵਿਸ਼ਲੇਸ਼ਣ, ਪੰਜ ਆਬ ਪ੍ਰਕਾਸ਼ਨ, ਜਲੰਧਰ, 2013, ਪੰਨਾ 26

6. Encyclopedia Of Contemporary Literary Theory: Approaches, Scholars, Terms, University Of Toronto Press in Incorporated, Toronto, 1993, p. 106

7. The Oxford Dictionary Of Literary Terms, Oxford University Press, 1990, http://Oxfordreference. Com, june 19, 2022
8. Suresh Raval, On Metacritricism, University Of Georgia press, Athens, 1981, p. 239
9. ਹਰਭਜਨ ਸਿੰਘ ਭਾਟੀਆ, ਪੰਜਾਬੀ ਆਲੋਚਨਾ ਸਿਧਾਂਤ ਤੇ ਵਿਹਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2021, ਪੰਨਾ 6
10. ਟੀ. ਆਰ. ਵਿਨੋਦ, ਪੰਜਾਬੀ ਆਲੋਚਨਾ ਸ਼ਾਸਤਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2007, ਪੰਨਾ 169
11. ਸਕੱਤਰ ਸਿੰਘ, ਸਾਹਿਤ ਸਿਧਾਂਤ ਅਤੇ ਮੈਟਾ ਆਲੋਚਨਾ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2004, ਪੰਨਾ 25
12. ਗੁਰਦੇਵ ਸਿੰਘ, ਪੰਜਾਬੀ ਸਾਹਿਤ ਆਲੋਚਨਾ ਦੀ ਆਲੋਚਨਾ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1973, ਪੰਨਾ 15
13. ਸੁਰਜੀਤ ਸਿੰਘ ਭੱਟੀ, ਵਿਸ਼ਵੀਕਰਨ ਅਤੇ ਸਾਹਿਤ ਚਿੰਤਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011, ਪੰਨਾ 105-106
14. ਹਰਿਭਜਨ ਸਿੰਘ ਭਾਟੀਆ, ਪੰਜਾਬੀ ਆਲੋਚਨਾ ਸਿਧਾਂਤ ਤੇ ਵਿਹਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2021, ਪੰਨਾ 12
15.ਸਤਿੰਦਰ ਸਿੰਘ ਨੂਰ, ਸਮਕਾਲੀ ਸਾਹਿਤ ਦੇ ਸਰੋਕਾਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012, ਪੰਨਾ 15